# ਈਸ਼ਰ ਸਿੰਘ ਭਾਈਆ

ਦੀ

# ਚੋਣਵੀਂ ਕਵਿਤਾ

# ਤਤਕਰਾ


| | | |
|---|---|---|
| 1. | ਖਾਦੀ | 3 |
| 2. | ਇਸਤ੍ਰੀ ਵਿਦਿਆ | 6 |
| 3. | ਪੁਲਸ ਦਾ ਸਿਪਾਹੀ | 9 |
| 4. | ਦਸ ਓਏ ਰੱਬਾ ਰੱਬ ਬਣਨ ਦਾ,<br>ਤੈਨੂੰ ਸਵਾਦ ਕੀ ਆਇਆ? | 12 |
| 5. | ਬੁਢੇਪਾ | 14 |
| 6. | ਮੁੰਡੇ ਦਾ ਸ਼ਗਨ | 16 |
| 7. | ਭਾਈਏ ਦੀ ਜਾਨ ਨੂੰ ਰੋਂਦੇ ਪਏ ਹਾਂ | 19 |
| 8. | ਰੱਬ ਅੱਗੇ ਤਰਲਾ | 22 |
| 9. | ਸੁਰਮੇ ਵਾਲਾ | 24 |
| 10. | ਹਿੰਦੂ ਸਿੱਖ ਏਕਤਾ | 26 |
| 11. | ਮੇਰਾ ਮਰਨਾ | 31 |
| 12. | ਮੇਰਾ ਜੰਮਣਾ | 32 |
| 13. | ਮਿਤਰਤਾਈ | 36 |
| 14. | ਭਾਈਏ ਦਾ ਮਰਨਾ | 38 |
| 15. | ਸਾਵਣ | 42 |
| 16. | ਪੰਜਾਬੀ ਬੋਲੀ | 45 |
| 17. | ਮੇਰੀ ਕੁਰਬਾਨੀ ਦੀਆਂ ਚਾਰ ਕਿਸ਼ਤਾਂ | 48 |
| 18. | ਖੋਤੇ ਨੇ ਘੋੜਾ ਬਣਨਾ ਨਹੀਂ | 52 |
| 19. | ਆਜ਼ਾਦੀ | 54 |
| 20. | ਛੱਡੋ ਸਿੜੀ ਸਿਆਪਾ ਅਤੇ ਪਾਉ ਭੰਗੜਾ ਮੇਰੇ ਵਤਨ ਅਜ਼ਾਦ ਦੀਆਂ<br>ਹੋਲੀਆਂ ਨੇ | 56 |
| 21. | ਭਾਈਆ ਤਿਲਕ ਪਿਆ- | 59 |
| 22. | ਲੀਡਰੀ | 61 |
| 23. | ਨੂੰਹ ਸੱਸ | 63 |
| 24. | ਅੱਜ ਕਲ੍ਹ ਦਾ ਮਜ਼੍ਹਬ | 67 |
| 25. | ਅੱਜ ਕਲ੍ਹ ਦੀ ਤਹਿਜ਼ੀਬ | 70 |
| 26. | ਜਵਾਨੀ | 72 |
| 27. | ਬਚਪਨ | 74 |
| 28. | ਫੈਮਲੀ ਪਲਾਨਿੰਗ | 76 |
| 29. | ਹਾਸਾ | 79 |
| 30. | ਪਿਆ ਵਾਸਤਾ ਦੋਹਾਂ ਸਰਕਾਰਾਂ ਦੇ ਨਾਲ | 80 |
| 31. | ਨਾ ਕਰ | 81 |
| 32. | ਲੱਖ ਬਟੇਰਿਆਂ ਤੋਂ ਇਕ ਬਾਜ਼ ਚੰਗਾ | 82 |
| 33. | ਤੈਨੂੰ ਪੁੱਛਣ ਵਾਲਾ ਕੋਈ ਨਹੀਂ, ਤੂੰ ਅੱਖਾਂ ਬੰਨ੍ਹ ਕੇ ਲੁਟੀ ਜਾ | 86 |
| 34. | ਸਿਖ | 88 |

# ਖਾਦੀ

ਪਤਲੂਨ ਜਿੱਦਣ ਦੀ ਕੱਸੀ ਏ,
ਸਾਡਾ ਸੁੱਖ ਅਸਾਂ ਤੋਂ ਨੱਠਾ ਏ।
ਇਉਂ ਡਰਿਆ ਹੋਇਆ ਹੈ ਦਿਲ ਸਾਡਾ,
ਜਿਉਂ ਸਿਗਨਲ ਹੇਠਾਂ ਢੱਠਾ ਏ।
ਜਿਦਣ ਤੋਂ ਖੱਦਰ ਛੱਡਿਆ ਹੈ,
ਸੱਚ ਮੁੱਚ ਬਹਿ ਗਿਆ ਭੱਠਾ ਏ।
ਹਾਂ ਪਤਲੇ ਵਾਂਗਣ ਮਲ ਮਲ ਦੇ,
ਦਿਲ ਇਉਂ ਖੜਕੇ ਜਿਉਂ ਲੱਠਾ ਏ।
ਲੱਕ ਜ਼ਰਕ ਬਰਕ ਦੀ ਸਾੜ੍ਹੀ ਹੈ,
ਪਰ ਦਿਲ ਅੰਦਰ ਬੇਚੈਨੀ ਹੈ।
ਨਕਟਾਈ ਫ਼ਸੀ ਹੈ ਗਾਟੇ ਵਿਚ,
ਪਰ ਫੌਕੀ ਜੈਟਲਮੈਨੀ ਹੈ।
ਮੇਰੀ ਚਾਲ ਸੀ ਅਰਬੀ ਘੋੜੇ ਦੀ,
ਅੱਜ ਮਰੀਅਲ ਟੱਟੂ ਹੋਇਆ ਹਾਂ।
ਕਸ਼ਮੀਰ ਦਾ ਮੈਂ ਦੁਸ਼ਾਲਾਂ ਸਾਂ,
ਅੱਜ ਭੂਰ ਪੱਟੂ ਹੋਇਆ ਹਾਂ।
ਫ਼ੈਸਨ ਦੀ ਚੜ੍ਹ ਕੇ ਸਾਣ ਉੱਤੇ,
ਅੱਜ ਨਿਰਾ ਮੱਖਟੂ ਹੋਇਆ ਹਾਂ।
ਮੈਂ ਘਰ ਦੀ ਖੱਡੀ ਛੱਡ ਕੇ ਤੇ,
ਸਿਲਕਾਂ ’ਤੇ ਲੱਟੂ ਹੋਇਆ ਹਾਂ।
ਜਦ ਜੱਟੀ ਖੱਦਰ ਪਾਂਦੀ ਸੀ,
ਉਹਦੇ ਜੋਬਨ ਦਾ ਹੜ੍ਹ ਵੱਗਦਾ ਸੀ।
ਜਦ ਵਿਚ ਹਨੇਰੇ ਬਹਿੰਦੀ ਸੀ,
ਉਹਦੇ ਮੂੰਹ ’ਤੇ ਦੀਵਾ ਜਗਦਾ ਸੀ।
ਉਹ ਵੇਲਾ ਸੀ ਜਦ ਤ੍ਰਿੰਝਣਾਂ ਵਿਚ,
ਇਸ ਚਰਖ਼ੇ ਦੀਆਂ ਘੂੰਕਾਰਾਂ ਸਨ।

ਕੁੜੀਆਂ ਦੇ ਮੁੱਖ ’ਤੇ ਲਾਲੀ ਹੀ,
ਇਹ ਕੁੜੀਆਂ ਨਹੀਂ ਮੁਟਿਆਰਾਂ ਸਨ।
ਇਹ ਵਿਹੜੇ ਦੀਆਂ ਸ਼ਿੰਗਾਰਾਂ ਸਨ,
ਇਹ ਹੁਸਨ ਦੀਆਂ ਸਰਕਾਰਾਂ ਸਨ।
ਨਾ ਝਾਲ ਜਾਂਦੀ ਸੀ ਝੱਲੀ ਇਨ੍ਹਾਂ ਦੀ,
ਬਾਗਾਂ ਵਿਚ ਬਹਾਰਾਂ ਸਨ।
ਅੱਜ ਚਰਖਾ ਛੱਡ ਕੇ ਰਹਿ ਗਈ ਹੈ,
ਛਣਕਾਰ ਨਿਰੇ ਇਕ ਚੂੜੇ ਦੀ।
ਮੁਹਤਾਜੀ ਲਿਪਸਟਿਕ ਦੀ ਹੈ,
ਕੁਝ ਸੁਰਖੀ ਦੀ ਕੁਝ ਧੂੜੇ ਦੀ।
ਇਸ ਖੱਦਰ ਵਿਚ ਆਜ਼ਾਦੀ ਏ,
ਇਹ ਗਾਂਧੀ ਜੀ ਨੇ ਦੱਸਿਆ ਸੀ।
ਅੰਗਰੇਜ਼ ਖੱਦਰ ਦੀ ਟੋਪੀ ਤੱਕ ਕੇ,
ਵਿਚ ਕੁੜਕੀ ਫਸਿਆ ਸੀ।
ਜਦ ਖੱਦਰ ਨੂੰ ਅਪਨਾਇਆ ਸੀ,
ਇਕ ਰਹਿਮਤ ਦਾ ਮੀਂਹ ਵੱਸਿਆ ਸੀ।
ਮੈਂ ਸੱਚ ਦੱਸਾਂ ਇਸ ਖੱਦਰ ਨੇ,
ਅੰਗਰੇਜ਼ ਦਾ ਨਮਦਾ ਕੱਸਿਆ ਸੀ।
ਜਦ ਫਿਰਿਆ ਚਰਖਾ ਗਾਂਧੀ ਦਾ,
ਮਜ਼ਦੂਰ ਦੀਆਂ ਵਾਛਾਂ ਖਿਲੀਆਂ ਸਨ।
ਘੂੰਕਾਰ ਸੁਣੀ ਜਦ ਚਰਖੇ ਦੀ,
ਲੰਦਨ ਦੀਆਂ ਕੰਧਾਂ ਹਿੱਲੀਆਂ ਸਨ।
ਇਸ ਖੱਦਰ ਅੰਦਰ ਲੁਕੀ ਏ,
ਮੇਰੇ ਭਾਰਤ ਦੀ ਜੋ ਆਸ਼ਾ ਏ।
ਹਰ ਰੀਝ ਲੁਕੀ ਹੈ ਜੱਟੀ ਦੀ,
ਮਜ਼ਦੂਰ ਦਾ ਲੁੱਕਿਆ ਹਾਸਾ ਏ।
ਉਹਨੂੰ ਗੰਗਾ ਇੱਥੋਂ ਮਿਲਣੀ ਏ,
ਜੋ ਫਿਰਦਾ ਪਿਆ ਪਿਆਸਾ ਏ।
ਭੰਡਾਰਾ ਇਸ ਵਿਚ ਖੁਸ਼ੀਆਂ ਦਾ,
ਦੌਲਤ ਦਾ ਇਸ ਵਿਚ ਵਾਸਾ ਏ।
ਮੈਂ ਦੋ ਕੌਡੀ ਦਾ ਬਾਬੂ ਹਾਂ,
ਮੈਂ ਕਰ ਸਕਦਾ ਦੋ ਸ਼ਾਲਾ ਨਹੀਂ।
ਜਦ ਨਹਿਰੂ ਖੱਦਰ ਪਾਂਦਾ ਹੈ,
ਮੈਂ ਰਾਣੀ ਖਾਂ ਦਾ ਸਾਲਾ ਨਹੀਂ।
ਜੋ ਘਰ ਦਾ ਉਣਿਆ ਖੱਦਰ ਹੈ,

ਗ਼ੈਰਾਂ ਦੇ ਸਿਲਕੋਂ ਚੰਗਾ ਹੈ।
ਕਿਉਂ ਵੇਖੀਏ ਨਾਲ ਹਕਾਰਤ ਦੇ,
ਇਸ ਗ਼ੈਰ ਦਾ ਕੀਤਾ ਕੰਘਾ ਹੈ।
ਇਹ ਸਾਡੇ ਘਰ ਦੀ ਦੇਵੀ ਹੈ,
ਇਹ ਸਾਡੇ ਘਰ ਦੀ ਗੰਗਾ ਹੈ।
ਇਹ ਮਾਂ ਭੈਣ ਦਾ ਪਰਦਾ ਹੈ,
ਇਸ ਬਾਝ ਸਾਡਾ ਸਿਰ ਨੰਗਾ ਹੈ।
ਅੱਜ ਵੇਲਾ ਹੈ ਦਸਤਕਾਰੀ ਦਾ,
ਭਾਰਤ ਦੀ ਸ਼ਾਨ ਵਧਾਓ ਹੁਣ।
ਨਹੀਂ ਵਿਹਲਾ ਬਹਿਣ ਦਾ ਵੇਲਾ ਏ,
ਚਰਖੇ ਦੇ ਗੇੜੇ ਲਾਉ ਹੁਣ।
ਜੇ ਖੱਦਰ ਪਾਵੇ ਗੈਰ ਵੀ ਅੱਜ,
ਤੇਰੇ ਨੇੜੇ ਨੇੜੇ ਢੁੱਕਣਗੇ।
ਹੁਣ ਮਜ਼ਾ ਹੈ ਖੱਦਰ ਪਾਵਣਦਾ,
ਤੈਨੂੰ ਲੋਕੀਂ ਸਿਰ ’ਤੇ ਚੁੱਕਣਗੇ।
ਜੋ ਨਾਡੂ ਖਾਨ ਦੇ ਪੁੱਤਰ ਨੇ,
ਉਹ ਤੇਰੇ ਅੱਗੇ ਝੁੱਕਣਗੇ।
ਜੋ ਭੁੱਲ ਕੇ ਪਾਪ ਤੂੰ ਕਰ ਬੈਠੇਂ।
ਉਹ ਖੱਦਰ ਦੇ ਵਿਚ ਲੁਕਣਗੇ।
ਇਸ ਖਾਦੀ ਨੂੰ ਅਪਨਾਇਆ ਹੈ,
ਸੀ ਪੀਰ ਫ਼ਕੀਰਾਂ ਵਲੀਆਂ ਨੇ।
ਜੇ ਅੱਜ ਖੱਦਰ ਨੂੰ ਤੂੰ ਪਾਂਵੇ,
ਨਾਲੇ ਪੁੰਨ ਤੇ ਨਾਲੇ ਫਲੀਆਂ ਨੇ।

♣

### ਮਜ਼ਾਹੀਆ ਰੰਗ ਵਿਚ-

# ਇਸਤ੍ਰੀ ਵਿਦਿਆ

ਜਿਹੜੀ ਆਪ ਜ਼ਨਾਨੀ ਕੁਪੱਤੀ ਹੋਵੇ,
ਉਹਦੇ ਬਾਲ ਬੱਚੇ ਵੀ ਕੁਪੱਤੇ ਹੋਸਨ।
ਜਿਸ ਖੋਤੀ ਦੀ ਚੜ੍ਹੀ ਹੋਈ ਨੌਲੀ ਹੋਵੇ,
ਅੱਗੋਂ ਚੱਕ ਅਤੇ ਪਿੱਛੇ ਦੂਲੱਤੇ ਹੋਸਨ।
ਜੈਸਾ ਤੁਖ਼ਤ ਤੇ ਵੈਸੀ ਤਾਸੀਰ ਹੁੰਦੀ,
ਕੌੜੀ ਨਿੱਮ ਦੇ ਕੌੜੇ ਹੀ ਪੱਤੇ ਹੋਸਨ।
ਮਾਪੇ ਜਿਨ੍ਹਾਂ ਦੇ ਹੋਸਨ ਪਿਆਰ ਵਾਲੇ,
ਪੁੱਤਰ ਪ੍ਰੇਮ ਦੇ ਰੰਗ ਵਿਚ ਰੰਗ ਹੋਸਨ।

ਉਸ ਨੇ ਅਕਲ ਦੀ ਕਿੱਲੀ ਮਰੋੜਨੀ ਕੀ,
ਜਿਹੜਾ ਆਪ ਹੀ ਢੋਲ ਦਾ ਢੋਲ ਹੋਵੇ।
ਬਣ ਕੇ ਮਾਂ ਉਸ ਪੂਰੀਆਂ ਪਾਣੀਆਂ ਕੀ,
ਜਿਹੜੀ ਆਪ ਹੀ ਕੁੜੀ ਬਗਲੋਲ ਹੋਵੇ।

ਮੇਰੀ ਵਹੁਟੀ ਊੜਾ ਐੜਾ ਜਾਣਦੀ ਨਹੀਂ,
ਲੜਦੀ ਰਹਿੰਦੀ ਹੈ ਆਪਣੇ ਬਾਲਾਂ ਦੇ ਨਾਲ।
ਚੌਂਕਾ ਇਸ ਕੁਚੱਜੀ ਦਾ ਵੇਖੋ ਤਾਂ ਸਹੀ,
ਲਿਬੜੀ ਹੋਈ ਸਵਾਹ ਹੈ ਥਾਲਾਂ ਦੇ ਨਾਲ।
ਰੋਟੀ ਚੌੜ ਚਪੱਟ ਜੇ ਖਾਣ ਬਹਿਸੀ,
ਰੰਗ ਲਵੇਗੀ ਉਂਗਲਾਂ ਦਾਲਾਂ ਦੇ ਨਾਲ।
ਉਹਦੇ ਪੁੱਤਰਾਂ ਦੇ ਸਿਰ ਫ਼ਰੋਲ ਦੇਖੋ,
ਪੀਂਘਾਂ ਝੂਟਦੀਆਂ ਜੂਆਂ ਵਾਲਾਂ ਦੇ ਨਾਲ।

ਪੁੱਤਰ ਹੈਨ ਪਰ ਊਟ ਪਟਾਂਗ ਸਾਰੇ,
ਪੈਰੀਂ ਜੁੱਤੀ ਤੇ ਪਿੰਡੇ ਤੇ ਲੀੜਾ ਹੀ ਨਹੀਂ।
ਤੰਬੀ ਹੈ ਪਰ ਤੰਬੀ ਵਿਚ ਨੇਫਾ ਹੀ ਨਹੀਂ,
ਝੱਗਾ ਹੈ ਪਰ ਝੱਗੇ ਨਾਲ ਬੀੜਾ ਹੀ ਨਹੀਂ।

ਜਦਣ ਦੇਂਦਾ ਹਾਂ ਇਸ ਨੂੰ ਮਤ ਕੋਈ,
ਮਾਰ ਦੇਂਦੀ ਹੈ ਘੜੀ ਵਿਚ ਮਤ ਮੇਰੀ।
ਜਦਣ ਗੁੱਸੇ ਵਿਚ ਮਾਰਨਾਂ ਲੱਤ ਇਸ ਨੂੰ,
ਫੜ ਲੈਂਦੀ ਹੈ ਗਿਟਿਉਂ ਲੱਤ ਮੇਰੀ।
ਜਦਣ ਦੇਣ ਗਵਾਂਢਣਾਂ ਪਾਨ ਇਸ ਨੂੰ,
ਲਾਹ ਲੈਂਦੀ ਹੈ ਪਾਨ ਤੇ ਪੱਤ ਮੇਰੀ।
ਜਦਣ ਵਹਿੰਦੀ ਹੈ ਮੱਥੇ ਤੇ ਘੂਰੀ ਪਾ ਕੇ,
ਸ਼ੁੱਕ ਜਾਂਦੀ ਹੈ ਜੁੱਸੇ ਦੀ ਰੱਤ ਮੇਰੀ।

ਇਸ ਅਨਪੜ੍ਹ ਤੇ ਨਿਰੀ ਚੁੜ੍ਹੇਲ ਖਾਤਰ,
ਰੋਲ ਮਿੱਟੀ ਦੇ ਵਿਚ ਆਬਰੂ ਰਿਹਾ ਹਾਂ।
ਸੱਚ ਪੁੱਛੋਂ ਤੇ ਆਪਣੀਆਂ ਲੱਤਾਂ ਦੇ ਨਾਲ,
ਇਕ ਜੀਂਵਦੀ ਲਾਸ਼ ਧਰੂਹ ਰਿਹਾ ਹਾਂ।

ਜੇ ਕਰ ਕਮਲਾ ਰਾਣੀ ਮੇਰੀ ਪੜ੍ਹੀ ਹੁੰਦੀ,
ਜਾਂਦੀ ਲੰਡਨ ਦੇ ਵਿਚ ਸਫ਼ੀਰ ਬਣ ਕੇ।
ਜਾ ਕੇ ਚਰਚਲ ਦੇ ਨਾਲ ਸ਼ੇਕ ਹੈਂਡ ਕਰਦੀ,
ਚਮਕਾਂ ਮਾਰਦੀ ਮਾਹੇ ਮੁਨੀਰ ਬਣ ਕੇ।
ਕਿਸੇ ਸੂਬੇ ਦੀ ਜਾਂ ਲਾਟ ਸਾਹਿਬਾਂ ਹੁੰਦੀ,
ਪਲਟਾ ਖਾਂਵਦੀ ਕੋਈ ਤਕਦੀਰ ਬਣ ਕੇ।
ਹੱਥ ਮੇਜ਼ਾਂ ਤੇ ਮਾਰਦੀ ਲੈਕਚਰ ਛੰਡ ਕੇ,
ਕਿਸੇ ਕੌਂਸਲ ਦੀ ਵੱਡੀ ਵਜ਼ੀਰ ਬਣ ਕੇ।

ਹੁਣ ਬੁੱਢੀ ਹੈ ਮੂੰਹ ਵਿਚ ਦੰਦ ਕੋਈ ਨਹੀਂ,
ਊੜਾ ਐੜਾ ਮੈਂ ਕਿਵੇਂ ਸਿਖਾਂ ਇਸ ਨੂੰ।
ਇੱਥੇ ਬੁੱਢਿਆਂ ਦਾ ਕੋਈ ਸਕੂਲ ਵੀ ਨਹੀਂ,
ਜਿੱਥੇ ਜਾ ਕੇ ਦਾਖ਼ਲ ਕਰਾਂ ਇਸ ਨੂੰ।

ਕਲ੍ਹ ਗਿਆ ਇਕ ਪੜ੍ਹੀ ਹੋਈ ਕੁੜੀ ਦੇ ਘਰ,
ਕੁੜੀ ਨਹੀਂ ਇਕ ਸਵਰਗਾਂ ਦੀ ਹੂਰ ਹੈ ਸੀ।
ਚਿੱਟਾ ਦੁੱਧ ਚੌਂਕਾਂ ਅਤੇ ਚੁੱਲ੍ਹਾ ਉਸ ਦਾ,
ਸੋਹਣਾ ਲੇਪਿਆ ਹੋਇਆ ਤੰਦੂਰ ਹੈ ਸੀ।
ਪਈਆਂ ਮੇਜ਼ ਦੇ ਉੱਤੇ ਅਖ਼ਬਾਰਾਂ ਹੈਸਨ,
ਪਾਇਆ ਮਾਂਗ ਦੇ ਵਿਚ ਸੰਧੂਰ ਹੈ ਸੀ।
ਸਦਕੇ ਜਾਂ ਮੈਂ ਉਸਦੀ ਤਹਿਜ਼ੀਬ ਉਤੋਂ,
ਕਿਆ ਬੋਲਣ ਦਾ ਸੋਹਣਾ ਦਸਤੂਰ ਹੈ ਸੀ।

ਉਹਨੂੰ ਵੇਖ ਕੇ ਬੜਾ ਹੀ ਰਸ਼ਕ ਆਵੇ,

ਕਾਸ਼, ਮੇਰੀ ਵਹੁਟੀ ਕੁਝ ਪੜ੍ਹੀ ਹੁੰਦੀ।
ਜਿੱਥੇ ਜਾਂਦਾ ਮੈਂ ਕਵੀ ਦਰਬਾਰ ਦੇ ਵਿਚ,
ਦਾਦ ਦੇਣ ਖ਼ਾਤਰ ਕੋਲ ਖੜੀ ਹੁੰਦੀ।

ਅੱਗੇ ਹੈਸੀ ਗ਼ੁਲਾਮੀ ਹੁਣ ਆਜ਼ਾਦੀ ਦੇ ਵਿਚ,
ਮੇਰੇ ਵਤਨ ਦੀ ਕਾਇਆ ਪਲਟਾਸੀ ਵਹੁਟੀ।
ਹਰ ਇਕ ਕੰਮ ਹੁਣ ਹੁਵੇਗਾ ਵਾਰੀ ਦੇ ਨਾਲ,
ਮਰਦ ਅੱਜ, ਕਲ੍ਹ ਰੋਟੀ ਪਕਾਸੀ ਵਹੁਟੀ।
ਮਰਦ ਅੱਜ ਨੁਹਾਇਗਾ ਬੱਚਿਆਂ ਨੂੰ,
ਫਿਰ ਦੂਜੇ ਦਿਨ ਬੱਚੇ ਖਿਡਾਸੀ ਵਹੁਟੀ।
ਮੇਰੇ ਭਾਰਤ ਦੀ ਸ਼ਾਨ ਬਨਾਣ ਖ਼ਾਤਰ,
ਮੋਢਾ ਮਰਦਾਂ ਦੇ ਨਾਲ ਹੁਣ ਡਾਹਸੀ ਵਹੁਟੀ।

ਜਦਣ ਇਲਮ ਦੇ ਨਾਲ ਸ਼ਿੰਗਾਰੀ ਜਾਸੀ,
ਵੇਖੀਂ ਕਿਸ ਤਰ੍ਹਾਂ ਇਹ ਸੁੱਖੀ ਸਾਂਦੀ ਹੋਸੀ।
ਘਰ ਘਰ ਅੰਦਰ 'ਵਿਜੈ ਲਕਸ਼ਮੀ' ਹੋਸੀ,
ਪਿੰਡ ਪਿੰਡ ਅੰਦਰ ਇੰਦਰਾ ਗਾਂਧੀ ਹੋਸੀ।

ਜਿਸ ਲੂਹਲੇ ਦੀ ਇਕ ਟੰਗ ਹੋਵੇ,
ਉਸ ਲੂਹਲੇ ਦੋ ਕਦਮ ਵੀ ਚੱਲਣਾ ਨਹੀਂ।
ਮਾਲੀ ਹੋਵੇ ਪਰ ਪਾਣੀ ਨਾ ਹੋਵੇ ਜਿੱਥੇ,
ਉੱਥੇ ਬੂਟਿਆਂ ਨੇ ਕਦੀ ਫਲਣਾ ਨਹੀਂ।
ਬੱਤੀ ਹੈ ਪਰ ਦੀਵੇ ਵਿਚ ਤੇਲ ਕੋਈ ਨਹੀਂ,
ਉਸ ਦੀਵੇ ਨੇ ਕਦੀ ਵੀ ਬਲਣਾ ਨਹੀਂ।
ਦੋ ਪਹੀਏ ਨੇ ਗੱਡੀ ਦੇ ਮਰਦ ਤੀਵੀਂ,
ਇਕ ਕਮਜ਼ੋਰ ਹੈ ਦੂਜੇ ਨੇ ਹਲਣਾ ਨਹੀਂ।

ਇਸ ਬੱਚੀ ਨੂੰ ਇਲਮ ਪੜ੍ਹਾਓ ਰੱਜ ਕੇ,
ਇਹੋ ਗੱਲ ਹੁਣ ਧਰਮ ਈਮਾਨ ਦੀ ਏ।
ਮਰਦੋ, ਛੱਡੋ ਹੁਣ ਪਤੀ ਭਗਵਾਨ ਬਣਨਾ,
ਹੁਣ ਵਾਰੀ ਇਸ ਪਤਨੀ ਭਗਵਾਨ ਦੀ ਏ।

♣

# ਪੁਲਸ ਦਾ ਸਿਪਾਹੀ

ਜੇ ਨਾ ਪੁਲਸ ਹੁੰਦੀ, ਤਾਂ ਹੁੰਦਾ ਉਜਾੜਾ।
ਚਵਾਂ ਪਾਸੇ ਹੁੰਦਾ ਨਿਰਾ ਲੋਟੀ ਧਾੜਾ।

ਨਾ ਘੋੜੀ ’ਤੇ ਚੜ੍ਹਦਾ, ਸੇਹਰਾ ਬੰਨ੍ਹਕੇ ਲਾੜਾ।
ਨਾ ਸਲਵਾਰ ਹੁੰਦੀ, ਨਾ ਰੇਸ਼ਮ ਦਾ ਨਾੜਾ।

ਨਾ ਵਹੁਟੀ ਦੇ ਹੱਥ ਹੁੰਦਾ, ਦੰਦ–ਖੰਡ ਦਾ ਚੂੜਾ।
ਨਾ ਦਿੱਸਦਾ ਜਲੇਬੀ ਕਿਸੇ ਸਿਰ ’ਤੇ ਜੂੜਾ।

ਨਾ ਅੰਗੜਾਈਆਂ ਲੈਂਦੀ ਹੁਸਨ ਦੀ ਜਵਾਨੀ।
ਜਵਾਨਾਂ ਦੀ ਹੁੰਦੀ ਨਾ ਉਠਦੀ ਜਵਾਨੀ।

ਨਾ ਨਾਜ਼ਕ ਕਮਰ ਕੋਈ, ਅੱਜ ਝੂਲਾ ਝੁੱਲਦੀ।
ਜਵਾਨੀ ਨਾ ਅੱਖ ਦੇ ਤਰਾਜ਼ੂ ’ਤੇ ਤੁਲਦੀ।

ਗੁੱਡੀ ਪੁਲਸ ਤੇਰੇ, ਸਹਾਰੇ ਚੜ੍ਹੀ ਹੈ।
ਮੁਹੱਬਤ ਦੀ ਤੂੰ ਪੀਂਘ ਹੱਥ ਵਿਚ ਫੜੀ ਹੈ।

ਤੇਰੀ ਜਿੰਦ ਕੰਡਿਆਂ ਦੇ ਉੱਤੇ ਅੜੀ ਹੈ।
ਤੇਰੇ ਆਸਰੇ ’ਤੇ ਹਕੂਮਤ ਖੜੀ ਹੈ।

ਨਾ ਅੱਜ ਹੁੰਦੀ, ਤੇਰੀ ਜਮਾਨੇ ਵਿਚ ਹਸਤੀ।
ਸਾਡੀ ਖਾਂਦੀ ਡਿਕੋ ਡੋਲੇ, ਸਾਗਰ ਵਿਚ ਕਸ਼ਤੀ।

ਨਾ ਅੱਜ ਕੋਈ ਲੈਲਾ ਦਾ ਦੀਵਾਨਾ ਹੁੰਦਾ।
ਨਾ ਹੁੰਦੀ ਸ਼ਮਾਂ ਨਾ ਕੋਈ ਪਰਵਾਨਾ ਹੁੰਦਾ।

ਮੁਹੱਬਤ ਦਾ ਹੁੰਦਾ ਕਿਤੇ ਡੇਰਾ ਵੱਖਰਾ।
ਹੁਸੀਨਾਂ ਦਾ ਹੁੰਦਾ ਨਾ ਅੱਜ ਨਾਜ਼ ਨਖ਼ਰਾ।

ਤੂੰ ਡੂੰਘੇ ਸਮੁੰਦਰ ’ਤੇ ਤਰ ਕੇ ਵਿਖਾਵੀਂ,
ਜੋ ਮੁਮਕਿਨ ਨਹੀਂ ਉਹ, ਤੂੰ ਕਰਕੇ ਵਿਖਾਵੀਂ।

ਲੁੱਕੀ ਹੋਵੇ ਸੂਈ ਜੇ, ਸੌ ਗਜ਼ ਦੇ ਅੰਦਰ।
ਛੁਪੇ ਭੇਦ ਹੋਵਣ ਜੇ, ਲੱਖ ਪਰਦੇ ਅੰਦਰ।

ਅਕਲਾਂ ਦੇ ਘੋੜੇ, ਇਹੋ ਜਿਹੇ ਦੁੜਾਵੇਂ।
ਘੜੀ ਅਤੇ ਪਲਾਂ ਵਿਚ ਲੱਭ ਕੇ ਲੈ ਆਵੇਂ।

ਤੇਰੀ ਨਜ਼ਰ ਵਿਚ ਇਕ ਹੈ ਗੋਲੀ ਤੇ ਰਾਣੀ,
ਤੇਰੇ ਲਈ ਬਰਾਬਰ ਹੈ, ਅੰਨ੍ਹੀ ’ਤੇ ਕਾਣੀ।

ਤੇਰੇ ਲਈ ਇਕ ਹੈ ਕੋਈ ਚੰਨ ’ਤੇ ਤਾਰਾ।
ਤੇਰੇ ਲਈ ਬਰਾਬਰ ਹੈ ਕੋਈ ਰੰਡਾ ਕੰਵਾਰਾ।

ਤੇਰੇ ਲਈ ਇਕ ਹੈ ਸੋਨਾ ਅਤੇ ਮਿੱਟੀ।
ਤੇਰੇ ਲਈ ਬਰਾਬਰ ਹੈ ਕਾਲੀ ਅਤੇ ਚਿੱਟੀ।

ਤੂੰ ਜਿੰਦ ਆਪਣੀ ਕੁਰਬਾਨ ਕਰਨੋਂ ਨਹੀਂ ਡਰਦਾ।
ਤੂੰ ਅੱਗਾਂ ’ਤੇ ਪੈਰ ਆਪਣੇ ਧਰਨੋਂ ਨਹੀਂ ਡਰਦਾ।

ਲੱਖਾਂ ਦੁੱਖ ਸਿਰ ਤੇ, ਤੂੰ ਜਰਨੋਂ ਨਹੀਂ ਡਰਦਾ।
ਜਿੱਥੇ ਫ਼ਰਜ਼ ਆਵੇ, ਤੂੰ ਮਰਨੋਂ ਨਹੀਂ ਡਰਦਾ।

ਨਾ ਸਿਰ ਤੂੰ ਝੁਕਾਵੀਂ ਕਿਸੇ ਪਹਾੜ ਅੱਗੇ।
ਛਾਤੀ ਡਾਹਵੇਂ ਗੋਲੀ ਦੀ ਬੁਛਾੜ ਅੱਗੇ।

ਐ ਪੁਲਸ ਵਾਲੇ, ਤੂੰ ਜ਼ਿੰਦਾ ਸ਼ਹੀਦ ਹੈਂ।
ਤੂੰ ਗੁਰਦੇਵ ਆਪਣੇ ਦਾ, ਸੱਚਾ ਮੁਰੀਦ ਹੈਂ।

ਪਬਲਕ ਦੇ ਨਾਲ ਹੈ, ਤੇਰਾ ਗੂਹੜਾ ਰਿਸ਼ਤਾ।
ਤੈਨੂੰ ਰੱਬ ਘੱਲਿਆ ਬਣਾ ਕੇ ਫ਼ਰਿਸ਼ਤਾ।

ਬ੍ਰਾਹਮਣ ਬਨਾਰਸ ਦਾ ਤੇਰਾ ਭਰਾ ਹੈ।
ਦੋਹਾਂ ਦਾ ਮਤਲਬ, ਇਕੋ ਸਫ਼ਾ ਹੈ।

ਉਹ ਦੇਂਦਾ ਹੈ ਉਪਦੇਸ਼ ਗੀਤਾ ਸੁਣਾ ਕੇ।
ਸਵਰਗ ਉਹ ਵਿਖਾਵੇ, ਲੱਪੇ ਲਾਰੇ ਲਾ ਕੇ।

ਤੂੰ ਉਪਦੇਸ਼ ਦੇਣਾ ਏਂ, ਡੰਡਾ ਵਿਖਾ ਕੇ।
ਹਿਲੇ ਜੁਲੇ ਕੋਈ ਤਾਂ, ਗਾਨਾ ਪਹਿਨਾ ਕੇ।

ਉਹ ਦੱਸੇ ਪੁਰਾਣੀ ਕਬਰ ਤਾਈਂ ਪੁੱਟ ਕੇ।
ਤੂੰ ਇਖਲਾਕ ਦੱਸਨਾ ਏਂ, ਜੇਲ੍ਹਾਂ ’ਚ ਸੁੱਟ ਕੇ।

ਜੇ ਤੂੰ ਸਿਰ ’ਤੇ ਭਾਰ, ਚਾਇਆ ਨਾ ਹੁੰਦਾ।
ਜੇ ਰਹਿਮਤ ਦਾ ਮੀਂਹ ਤੂੰ, ਵਸਾਇਆ ਨਾ ਹੁੰਦਾ।

ਅੰਨ੍ਹੀ ਨਗਰੀ ਹੁੰਦੀ, ਤੇ ਬੇਦਾਦ ਰਾਜਾ।
ਟਕੇ ਸੇਰ ਅੱਜ ਵਿਕਦਾ, ਭਾਜੀ ਅਤੇ ਖਾਜਾ।

ਜੇ ਗ਼ੈਰਾਂ ਦੀ ਜੇਬ ਵਿਚ, ਤੂੰ ਹੱਥ ਪਾਣਾ ਛੱਡ ਦੇਂ।
ਜੇ ਨਿਰਦੋਸ਼ ਤਾਈਂ ਤੂੰ, ਫਨਸਾਣਾ ਛੱਡ ਦੇਂ।

ਜੇ ਛੱਡ ਦੇਵੇਂ ਕਰਨੇ ਤੂੰ ਅਜ ਹੇਰੇ ਫੇਰੇ।
ਮੁਫ਼ਤ ਦੇ ਛੱਡ ਦੇਵੇਂ, ਕੁੱਕੜ ਬਟੇਰੇ।

ਮੈਂ ਸੱਚ ਆਖਾਂ 'ਈਸ਼ਰ' ਤੂੰ ਨੂਰੇ ਖੁਦਾ ਹੈਂ।
ਜਤੀ ਹੈਂ ਸਤੀ ਹੈਂ, ਇਕ ਪਾਰਸਾ ਹੈਂ।

♣

# ਦਸ ਓਏ ਰੱਬਾ ਰੱਬ ਬਣਨ ਦਾ,
# ਤੈਨੂੰ ਸਵਾਦ ਕੀ ਆਇਆ?

ਨਾ ਤੂੰ ਆਪਣੇ ਸਿਰ ਦੇ ਉੱਤੇ ਬੰਨ੍ਹੇ ਸੋਹਾਗੀ ਸੇਹਰੇ।
ਨਾ ਤੂੰ ਵਹੁਟੀ ਕੋਲ ਬਿਠਾ ਕੇ ਲਏ ਨੀ ਲਾਵਾਂ ਫੇਰੇ।
ਨਾ ਸਾਲੀਆਂ ਝੁਰਮਟ ਪਾਏ ਤੇਰੇ ਚਾਰ ਚੁਫੇਰੇ।
ਨਾ ਸਸੂ ਨੇ ਰਾਹ ਤੇਰਾ ਤਕਿਆ ਬਹਿ ਕੇ ਉੱਚੇ ਬਨ੍ਹੇਰੇ।
ਨਾ ਤੂੰ ਪਹਿਲੀ ਸੁਹਾਗ ਦੀ ਰਾਤ ਵਹੁਟੀ ਦਾ ਘੁੰਢ ਚੁੱਕਿਆ।
ਦਸ ਓਏ ਰੱਬਾ ਰੱਬ ਬਣਨ ਦਾ ਤੈਨੂੰ ਸਵਾਦ ਕੀ ਆਇਆ?

ਨਾ ਤੂੰ ਦੁਨੀਆਂ ਅੰਦਰ ਆ ਕੇ, ਮੌਜ ਕੋਈ ਹੈ ਲੁੱਟੀ।
ਨਾ ਤੂੰ ਬਾਲਪੁਣੇ ਵਿਚ ਪਿਉ ਦੀ ਲਾਡ ਵਿਚ ਦਾੜ੍ਹੀ ਪੁੱਟੀ।
ਨਾ ਤੂੰ ਵਿਚ ਮਦਰੱਸੇ ਗਿਉਂ, ਨਾ ਕੋਈ ਲਈ ਆ ਛੁੱਟੀ।
ਨਾ ਗਲਵਕੜੀ ਪਾ ਕੇ ਤੂੰ ਹੈ ਮਾਂ ਦੀ ਛਾਤੀ ਘੁੱਟੀ।
ਨਾ ਮਾਂ ਤੈਨੂੰ ਲੋਰੀਆਂ ਦੇ ਕੇ ਮੰਜੇ ਉੱਤੇ ਸਵਾਇਆ।
ਦਸ ਓਏ ਰੱਬਾ ਰੱਬ ਬਣਨ ਦਾ ਤੈਨੂੰ ਸਵਾਦ ਕੀ ਆਇਆ।

ਨਾ ਤੂੰ ਕਿਸੇ ਦੀ ਜ਼ੁਲਫ਼ ਦੀ ਛਾਵੇਂ, ਆਪਣੇ ਦਿਨ ਗੁਜ਼ਾਰੇ।
ਨਾ ਤੂੰ ਕਿਸੇ ਬ੍ਰਿਹੋਂ ਦੇ 'ਚ ਕਟੀਆਂ ਰਾਤਾਂ ਗਿਣ ਗਿਣ ਤਾਰੇ।
ਨਾ ਤੂੰ ਕਿਸੇ ਦੇ ਵਸਲ ਦੇ ਅੰਦਰ ਬਿਖਰੇ ਵਾਲ ਸੰਵਾਰੇ।
ਨਾ ਸਜਣੀ ਫੜਫਾਇਆ ਤੈਨੂੰ ਲਾ ਲਾ ਲੱਪੇ ਲਾਰੇ।
ਨਾ ਕਿਸੇ ਦੇ ਨਾਜ਼ਿਕ ਹੱਥਾਂ ਤੈਨੂੰ ਜਾਮ ਪਿਲਾਇਆ।
ਦਸ ਓਏ ਰੱਬਾ ਰੱਬ ਬਣਨ ਦਾ ਤੈਨੂੰ ਸੁਵਾਦ ਕੀ ਆਇਆ।

ਨਾ ਤੂੰ ਨੈਨ-ਤਰਾਜ਼ੂ ਉਤੇ ਨੈਨ ਕਿਸੇ ਦੇ ਹਾੜੇ।
ਨਾ ਵੱਢੀਆਂ ਸਲਵਾਰਾਂ ਪਾਈਆਂ ਨਾ ਰੇਸ਼ਮ ਦੇ ਨਾੜੇ।
ਨਾ ਤੂੰ ਭਰੀ ਜਵਾਨੀ ਅੰਦਰ ਮੁੱਛਾਂ ਨੂੰ ਵੱਟ ਚਾਹੜੇ।
ਨਾ ਬੇਫ਼ਿਕਰੀ ਅੰਦਰ ਮਾਰੇ ਸੁਤਿਆਂ ਕਦੀ ਘੁਰਾੜੇ।
ਨਾ ਕੌਂਸਲ ਦੀ ਮੈਂਬਰੀ ਖ਼ਾਤਰ ਵੋਟ ਲਈ ਫੇਰਾ ਪਾਇਆ।
ਦਸ ਓਏ ਰੱਬਾ ਰੱਬ ਬਣਨ ਦਾ ਤੈਨੂੰ ਸਵਾਦ ਕੀ ਆਇਆ।

ਉਹਨੂੰ ਘਰ ਕੋਈ ਥਾਂ ਨਹੀਂ ਮਿਲਦੀ ਜਿਸਦੀ ਨਹੀਂ ਸਵਾਣੀ।
ਛੜਿਆਂ ਚੁਲ੍ਹੇ ਅੱਗ ਨਹੀਂ ਬਲਦੀ ਨਾ ਘੜੇ ਵਿਚ ਪਾਣੀ।
ਵਹੁਟੀਆਂ ਵਾਲੇ ਲੈਣ ਨਵਾਰੀ ਛੜਿਆਂ ਮੰਜੀ ਵਾਹਣੀ।
ਵਹੁਟੀ ਖ਼ਾਤਿਰ ਪੜ੍ਹਦੇ ਤੜਕੇ, ਛੜੇ ਗੁਰਾਂ ਦੀ ਬਾਣੀ।
ਨਾ ਕਾਲਰ ਨਕਟਾਈ ਬਧੀ ਨਾ ਤੂੰ ਸੂਟ ਸਵਾਇਆ।
ਦਸ ਓਏ ਰੱਬਾ ਰੱਬ ਬਣਨ ਦਾ ਤੈਨੂੰ ਸਵਾਦ ਕੀ ਆਇਆ।

ਨਾ ਤੂੰ ਸੇਠਾਂ ਵਾਂਗਣ ਰਖੇ ਤਕੀਏ ਅਤੇ ਸਰਹਾਣੇ।
ਨਾ ਤੂੰ ਲਤਾ ਮੰਗੇਸ਼ਕਰ ਕੋਲੋਂ ਸੁਣੇ ਨੀ ਫਿਲਮੀ ਗਾਣੇ।
ਨਾ ਤੂੰ ਟੇਬਲ ਅਗੇ ਰਖ ਕੇ ਖਾਧੇ ਸਵਾਦੀ ਖਾਣੇ।
ਨਾ ਤੂੰ ਉਂਗਲੀ ਲਾ ਕੇ ਟੁਰਿਉਂ, ਪੰਜ ਸਤ ਨਿਕੇ ਨਿਆਣੇ।
ਨਾ ਤੂੰ ਧੀ ਨੂੰ ਡੋਲੀ ਪਾਇਆ ਨਾ ਤੂੰ ਪੁੱਤਰ ਵਿਆਹਿਆ।
ਦਸ ਓਏ ਰੱਬਾ ਰੱਬ ਬਣਨ ਦਾ ਤੈਨੂੰ ਸਵਾਦ ਕੀ ਆਇਆ।

♣

## ਬੁਢੇਪਾ

ਜਵਾਨੀ ਮੇਰੀ ਕੀ ਆਈ, ਨਾ ਤਕਿਆ ਇਸ ਨੂੰ ਜੀ ਭਰ ਕੇ।
ਜੇ ਆਈ ਵੀ ਤਾਂ ਝਟ ਆਈ, ਗਈ ਵੀ ਜੇ ਸ਼ੜੱਪ ਕਰ ਕੇ।

ਵਿਖਾ ਕੇ ਇਕ ਝਲਕ ਨੂਰੀ, ਬਲਾ ਬਣ ਕੇ ਬੁਰੀ ਟੁਰ ਗਈ।
ਮੇਰੇ ਅਰਮਾਨਾਂ ਦੇ ਗਾਟੇ ਤੇ, ਰੱਖ ਕੇ ਇਕ ਛੁਰੀ ਟੁਰ ਗਈ।

ਬੁਢੇਪਾ ਆ ਗਿਆ ਸਿਰ ਤੇ, ਮੇਰਾ ਅੱਜ ਅਜਬ ਨਕਸ਼ਾ ਏ।
ਇਧਰ ਪਈਆਂ ਹਰੀੜਾਂ ਨੇ, ਉਧਰ ਪਿਆ ਬਨਫ਼ਸ਼ਾ ਏ।

ਕੋਈ ਪੁੱਛੇ ਤਾਂ ਕੀ ਆਖਾਂ, ਹਾਂ ਕਿਹੜੇ ਅੱਜ ਮੈਂ ਹਾਲਾਂ ਵਿਚ।
ਚੜ੍ਹੀ ਐਨਕ ਹੈ ਅੱਖਾਂ 'ਤੇ, ਹੈ ਵਸਮਾ ਮੇਰੇ ਵਾਲਾਂ ਵਿਚ।

ਬਿਰਛ ਅੜਿਆ ਹੋਇਆ ਹਾਂ ਮੈਂ, ਨਦੀ ਦੇ ਇਕ ਕਿਨਾਰੇ ਤੇ।
ਮੈਂ ਸੋਟੀ ਫੜ ਕੇ ਉਠਦਾ ਹਾਂ, ਮਕਰਧੁਜ ਦੇ ਸਹਾਰੇ ਤੇ।

ਜਵਾਨੀ ਇਉਂ ਹਿਸੀ ਮੇਰੀ, ਜਿਉਂ ਦੀਵਾ ਦਿਨ ਨੂੰ ਹਿਸ ਜਾਂਦੈ।
ਪਿਸੇ ਅਰਮਾਨ ਇਉਂ ਚੱਕੀ ਵਿਚ, ਦਾਣਾ ਜਿਵੇਂ ਪਿਸ ਜਾਂਦਾ।

ਮੇਰੇ ਅਰਮਾਨ ਭੱਖਦੇ ਸਨ, ਕਿਸੇ ਦਿਨ ਜਿਹੜੇ ਅੱਗ ਵਾਂਗਣ।
ਵਿਚਾਰੇ ਬਹਿ ਗਏ ਦਿਲ ਵਿਚ, ਸੋਡੇ ਵਾਟਰ ਦੀ ਝੱਗ ਵਾਂਗਣ।

ਸਰਹੋਂ ਵਰਗੇ ਨੇ ਹੱਥ ਮੇਰੇ, ਤੇ ਮੂੰਹ 'ਤੇ ਮੇਰੇ ਜ਼ਰਦੀ ਹੈ।
ਰਜ਼ਾਈ ਮੇਰੀ ਮਹਿਰਮ ਹੈ, ਤੇ ਮੰਜਾ ਮੇਰਾ ਦਰਦੀ ਹੈ।

ਮੈਂ ਨੂੰਹ ਤੋਂ ਰੋਟੀ ਮੰਗਦਾ ਹਾਂ, ਤਾਂ ਮੰਗਦਾ ਹਾਂ ਮੈਂ ਸੰਗ ਸੰਗ ਕੇ।
ਸਰਹਾਨੇ ਢੇਰ ਲਾਂਦਾ ਹਾਂ, ਸਾਰਾ ਦਿਨ ਹੀ ਮੈਂ ਖੰਗ ਖੰਗ ਕੇ।

ਅੱਗੇ ਬਿਨ ਖੰਗ ਖੰਗਦਾਂ ਸਾਂ, ਹੁਣ ਖੰਗ ਖਹਿੜਾ ਨਹੀਂ ਛੱਡਦੀ ਹੈ।
ਕਿਸੇ ਮੁਟਿਆਰ ਦੀ ਤਕਣੀ, ਮੇਰੇ ਸੀਨੇ ਨੂੰ ਵੱਢਦੀ ਹੈ।

ਗਈ ਹੈ ਜੋਤ ਨੈਨਾਂ ਦੀ, ਤੇ ਦੰਦ ਵੀ ਜਾਣ ਲੱਗ ਪਏ ਨੇ।
ਮੇਰੇ ਬਚਪਨ ਦੇ ਸਭ ਸਾਥੀ, ਕੰਨੀ ਕਤਰਾਨ ਲੱਗ ਪਏ ਨੇ।

ਟੁੱਟੀ ਹੈ ਦਿਲ ਦੀ ਜੋ ਹਸਰਤ, ਇਹਨੂੰ ਮੈਂ ਜੋੜਦਾ ਫਿਰਦਾ।

ਜਾਂ ਠੰਡੀ ਸੜਕ ਜਾਂਦਾ ਹਾਂ, ਤਾਂ ਬੁੱਢੇ ਲੋੜਦਾ ਫਿਰਦਾਂ।

ਕਿਬਰ ਦੇ ਚੜ੍ਹ ਕੇ ਘੋੜੇ 'ਤੇ, ਮੈਂ ਪ੍ਰੂੰਜੀ ਆਪਣੀ ਗਾਲ ਆਇਆ।
ਜਵਾਨੀ ਮੇਰੀ ਇਉਂ ਆਈ, ਜਿਉਂ ਹਾਂਡੀ 'ਚ ਉਬਾਲ ਆਇਆ।

ਨਾ ਕੁਕੜ ਦੀਆਂ ਉਹ ਰਾਹੜਾਂ, ਪੱਲਾ ਹੈ ਨਾ ਉਹ ਦਲੀਆ ਹੈ।
ਹੁਣ ਪਤਲੀ ਦਾਲ ਹੈ ਮੁੰਗੀ ਦੀ, ਯਾ ਖਿਚੜੀ ਹੈ ਯਾ ਦਲੀਆ ਹੈ।

ਨਾ ਅੱਖ ਵਿਚ ਉਹ ਚਮਕ ਮੇਰੇ, ਨਾ ਗਲ੍ਹਾਂ ਉੱਤੇ ਲਾਲੀ ਹੈ।
ਜਿੱਥੇ ਅਰਮਾਨ ਸਨ ਦਿਲ ਵਿਚ, ਉਹ ਢੋਲਕ ਵਾਂਗ ਖਾਲੀ ਹੈ।

ਪੁੱਤਰ ਤੇ ਪੋਤਰੇ ਆਖਨ, ਇਹ ਬੁਢਾ ਸਾਡਾ ਲਾਲਾ ਹੈ।
ਮੇਰੇ ਇਕ ਹੱਥ ਪੋਥੀ ਹੈ, ਤੇ ਦੂਜੇ ਹੱਥ ਵਿਚ ਮਾਲਾ ਹੈ।

♣

## ਮੁੰਡੇ ਦਾ ਸ਼ਗਨ

ਮੈਨੂੰ ਆਇਆ ਸੀ ਕਲ੍ਹ ਸੱਦਾ ਮੇਰੇ ਇਕ ਯਾਰ ਮਿਤਰ ਦਾ,
ਸ਼ਗਨ ਪੈਣਾ ਹੈ ਮੇਰੇ ਘਰ ਮੇਰੇ ਵੱਡੇ ਸਪੁੱਤਰ ਦਾ।

ਇਥੇ ਲੈਕਚਰ ਵੀ ਹੋਣੇ ਨੇ, ਇਥੇ ਪਰਚਾਰ ਹੋਣਾ ਹੈ,
ਕੋਈ ਕਵਿਤਾ ਲਿਖ ਕੇ ਲੈ ਆਵਣੀ ਕਵੀ ਦਰਬਾਰ ਹੋਣਾ ਹੈ।

ਤੁਸੀਂ ਕੁਝ ਲਿਖ ਕੇ ਲੈ ਆਵਣਾ ਜ਼ਮਾਨੇ ਦੇ ਸੁਧਾਰ ਉੱਤੇ,
ਇਨ੍ਹਾਂ ਰਸਮਾਂ ਰਿਵਾਜ਼ਾਂ ’ਤੇ ਮੁਹੱਬਤ ਤੇ ਪਿਆਰ ਉੱਤੇ।

ਕਦੀ ਸੋਚਾਂ ਰਿਵਾਜ਼ਾਂ ’ਤੇ ਕਦੀ ਆਪਣੀ ਗ਼ਰੀਬੀ ’ਤੇ,
ਮੈਂ ਕਵਿਤਾ ਲਿਖ ਕੇ ਲੈ ਗਿਆ ਸਿਖਾਂ ਦੀ ਬਦਨਸੀਬੀ ’ਤੇ।

ਮੈਂ ਉੱਥੇ ਜਾ ਕੇ ਕੀ ਤੱਕਿਆ ਅਨੋਖੇ ਪੁੱਠ ਚਾਲੇ ਸਨ,
ਕਿਤੇ ਪਏ ਕੇਕ ਉਡਦੇ ਸਨ ਕਿਤੇ ਚਾਹ ਦੇ ਪਿਆਲੇ ਸਨ।

ਕਿਤੇ ਆਈਸ ਕਰੀਮਾਂ ਸਨ ਕਿਤੇ ਬਾਦਾਮ ਖ਼ਾਜਾ ਸੀ,
ਲੈ ਆਵਣ ਵਾਲਾ ਮਸਤੀ ਵਿਚ ਪੁਲਸ ਦਾ ਬੈਂਡ ਵਾਜਾ ਸੀ।

ਕਿਤੇ ਸਨ ਚਾਂਦਨੀ ਟਿਕੇ ਕਿਤੇ ਕੰਗਨ ਤੇ ਚੂੜਾ ਸੀ,
ਦੁਪੱਟੇ ਸੁਰਮਈ ਉਡਦੇ ਜਲੇਬੀ ਕਿਤੇ ਜੂੜਾ ਸੀ।

ਕਿਤੇ ਮਖਮਲ ਸੁਨੀਲਾਂ ’ਤੇ ਅਜਬ ਤਿੱਲੇ ਜੜ੍ਹੇ ਹੋਏ ਸਨ,
ਮਕੈਸ਼ਾਂ ਦੇ ਦੁਪੱਟੇ ਵੇਖ ਤਾਰੇ ਵੀ ਦੜੇ ਹੋਏ ਸਨ।

ਅਡੰਬਰ ਵੇਖਣੇ ਨੂੰ ਇਹ ਅਰਸ਼ ਵੀ ਹੇਠਾਂ ਝੁੱਕਿਆ ਸੀ,
ਚਮਕਦੀ ਵੇਖਕੇ ਸਾੜ੍ਹੀ ਕਿਤੇ ਸੂਰਜ ਵੀ ਲੁਕਿਆ ਸੀ।

ਕਿਤੇ ਕਿਸ਼ਤੀ ਨਮਾ ਪਗਾਂ ਕਿਤੇ ਕਾਲਰ ਤੇ ਟਾਈ ਸੀ,
ਸਵਰਗਾਂ ਦੀ ਨਿਰੰਜਨੀ ਜੋਤ ਉਤਰ ਕੇ ਹੇਠਾਂ ਆਈ ਸੀ।

ਜਿਧਰ ਵੇਖੋ ਸੁਹੱਪਣ ਦੀ ਅਨੂਠੀ ਸ਼ਮਾਂ ਜਗੀ ਹੋਈ ਸੀ,
ਜ਼ਮਾਨੇ ਦੇ ਨਵੇਂ ਫ਼ੈਸ਼ਨ ਨੂੰ ਮਾਨੋਂ ਅੱਗ ਲੱਗੀ ਹੋਈ ਸੀ।

ਸ਼ਗਨ ਲਾਗ ਜਦ ਤੱਕਿਆ ਤਾਂ ਅੱਖਾਂ ਮੇਰੀਆਂ ਖੁੱਲੀਆਂ,

ਮੈਂ ਆਇਆ ਵਿਚ ਸਨਾਟੇ ਦੇ, ਤੇ ਗੱਲਾਂ ਸਾਰੀਆਂ ਭੁੱਲੀਆਂ।

ਕੁੜੀ ਦਾ ਪਿਉ ਅੱਗੇ ਵਧਿਆ ਜਿਹਦੀ ਗੋਗੜ ਵਧੀ ਹੋਈ ਸੀ,
ਚਾਲੀ ਸੌ ਸੌ ਦੇ ਨੋਟਾਂ ਦੀ ਦੱਥੀ ਧਾਗੇ ਵਿਚ ਬਧੀ ਹੋਈ ਸੀ।

ਇਕ ਮੁੰਡੇ ਦੀ ਮਾਂ ਦਾ ਸੂਟ ਹੈ ਸੀ ਵਧੀਆ ਛਾਪੇ ਦਾ,
ਵਧੀਆ ਸੂਟ ਹੈ ਸੀ ਗਰਮ ਇਕ ਮੁੰਡੇ ਦੇ ਭਾਪੇ ਦਾ।

ਚਾਂਦੀ ਦੇ ਪਿਆਲੇ ਅਤੇ ਟੀ ਸੈੱਟ ਇਕ ਬੜਾ ਹੈ ਸੀ,
ਸਿਲਕ ਦੇ ਦੋ ਕਛਹਿਰੇ ਸਨ ਅਤੇ ਸੋਨੇ ਦਾ ਇਕ ਕੜਾ ਹੈ ਸੀ।

ਰੁਪਏ ਕੁਝ ਚਾਚੇ ਦੇ ਤੇ ਕੁਝ ਤਾਏ ਤੇ ਤਾਈ ਦੇ,
ਮਾਸੀ ਮਾਸੜੇ ਫੁੱਫੀ ਤੇ ਫੁੱਫੀ ਦੇ ਜਵਾਈ ਦੇ।

ਕੁਝ ਹੈਸਨ ਗੁਵਾਂਢੀ ਦੇ ਤੇ ਕੁਝ ਐਰੇ ਗੈਰੇ ਦੇ ,
ਕੁਝ ਮੁੰਡੇ ਦੇ ਨਾਨੇ ਦੇ ਤੇ ਕੁਝ ਫ਼ਤੂ ਅਤੇ ਖੈਰੇ ਦੇ।

ਹਰ ਇਕ ਮੁੰਡੇ ਦਾ ਰਿਸ਼ਤੇਦਾਰ ਇਕ ਤੱਕੜੀ ਦੇ ਤੁਲਿਆ ਸੀ,
ਸ਼ਗਨ ਕਾਹਦਾ ਸੀ ਇਕ ਸਰਕਾਰੀ ਦਫ਼ਤਰ ਉਥੇ ਖੁਲ੍ਹਿਆ ਸੀ।

ਕੁੜੀ ਦਾ ਭਾਪਾ ਫਸਿਆ ਸੀ ਇਉਂ ਆ ਕੇ ਅੜੰਗੇ ਵਿਚ,
ਜਿਉਂ ਅਥਰੀ ਖੋਤੀ ਫਸ ਜਾਵੇ ਕਿਸੇ ਰੱਸੀ ਦੇ ਢੰਗੇ ਵਿਚ।

ਜਿਉਂ ਜਲ ਦੀ ਮੀਨ ਫ਼ਸ ਜਾਵੇ ਕਿਸੇ ਬੇਤਰਸ ਜਾਲੀ ਵਿਚ,
ਜਿਉਂ ਲੋਲਾ ਢੱਗਾ ਫਸ ਜਾਵੇ ਕਿਸੇ ਜਟ ਦੀ ਪੰਜਾਲੀ ਵਿਚ।

ਜਿਉਂ ਰਗੜੀ ਜਾਵੇ ਇਕ ਮੱਖੀ ਕਿਸੇ ਬੇਤਰਸ ਮੁਕੀ ਵਿਚ,
ਜਿਉਂ ਭੋਲੀ ਘੁਗੀ ਫਸ ਜਾਵੇ ਸ਼ਿਕਾਰੀ ਦੀ ਕੁੜਿੱਕੀ ਵਿਚ।

ਮੁੰਡੇ ਦੀ ਭੈਣ ਭਾਬੋ ਨੇ, ਖੁਸ਼ੀ ਵਿਚ ਤਣਿਆ ਗਾਟਾ ਏ,
ਮੁੰਡੇ ਦਾ ਪੇਟ ਇਉਂ ਫੁਲਿਆ, ਜਿਉਂ ਫੁਲਦਾ ਫੂਕ ਨਾਟਾ ਏ।

ਮੁੰਡੇ ਦੇ ਭਾਪੇ ਮੁੱਛ ਆਪਣੀ ਇਉਂ ਆ ਕੇ ਸਵਾਰੀ ਏ,
ਖੁਸ਼ੀ ਵਿਚ ਆ ਕੇ ਬਹਿੰਦਾ ਜਿਉਂ ਜਿਤਿਆ ਹੋਇਆ ਜਵਾਰੀ ਏ।

ਮੈਂ ਕਵਿਤਾ ਉਠ ਕੇ ਕੀ ਦਸਾਂ ਮੈਨੂੰ ਤਾਂ ਸ਼ਰਮ ਆਂਦੀ ਹੈ,
ਇਹ ਕੁੜਮਾਈ ਮੇਰੇ ਸੀਨੇ ਉਤੇ ਇਕ ਸੱਟ ਲਾਂਦੀ ਹੈ।

ਜਿੰਨਾ ਹੁੰਦਾ ਖ਼ਰਚ ਅੱਗੇ ਵਿਆਹ ਦੇ ਇਕ ਲਗਨ ਉੱਤੇ,
ਉਸ ਤੋਂ ਚੌਣਾਂ ਖ਼ਰਚ ਹੋਵੇ ਨਿਕੇ ਜਿਹੇ ਸ਼ਗਨ ਉੱਤੇ।

ਇਹ ਜ਼ਿਲਤ ਖ਼ਸਤਾ ਖ਼ਾਰੀ ਹੈ ਨਹੀਂ ਬਿਲਕੁਲ ਸਗਾਈ ਹੈ,
ਇਹ ਰੁਸਵਾਈ, ਤਬਾਹੀ ਤੇ ਨਿਰੀ ਬੇ-ਹਯਾਈ ਹੈ।

'ਜਾਉ ਜੀ ਪਿੱਠ ਵਿਖਾਓ ਹੁਣ' ਉਥੇ ਇਕ ਬੋਲਿਆ ਉੱਠ ਕੇ,

‘ਬੜੀ ਸੋਹਣੀ ਇਹ ਕਵਿਤਾ ਹੈ’ ਕਿਸੇ ਮੂੰਹ ਖੋਲ੍ਹਿਆ ਉਠ ਕੇ।

ਕਈ ਸੁਣੀਆਂ ਨੇ ਕਵਿਤਾਵਾਂ ਇਹ ਸ਼ਾਇਰ ਵੀ ਲਫ਼ੰਗੇ ਨੇ,
ਜਿਥੇ ਵੇਖੋ ਉਥੇ ਬੈਠੇ ਇਹ ਵੇਹਲੇ ਭੁੱਖੇ ਨੰਗੇ ਨੇ।

ਮੈਂ ‘ਈਸ਼ਰ’ ਕਵਿਤਾ ਕੀ ਬੋਲੀ ਕਿ ਸਾਰੇ ਹੀ ਰੁਸਾ ਬੈਠਾ,
ਗਿਆ ਸਾਂ ਲੈਣ ਲੱਡੂ ਮੈਂ, ਉਹ ਲੱਡੂ ਵੀ ਗਵਾਂ ਬੈਠਾ।

♣

## ਭਾਈਏ ਦੀ ਜਾਨ ਨੂੰ ਰੋਂਦੇ ਪਏ ਹਾਂ

ਚੌੜ ਚੌਪੱਟ ਮੈਂ ਇਕੋ ਸਾਂ ਭਾਈਏ ਦੇ ਘਰ ਵਿਚ।
ਮਾਨੋ ਕੰਵਲ ਦਾ ਫੁੱਲ ਸੀ ਇਕੋ ਸਰ ਵਿਚ।

ਵਿਚ ਤਾਰਿਆ ਚੰਨ ਸਾਂ ਵਿਚ ਸਿੱਪੀ ਮੋਤੀ।
ਭਾਈਏ ਲਈ ਮੈਂ ਇੰਜ ਸਾਂ ਜਿਉਂ ਅੱਖ ਵਿਚ ਜੋਤੀ।

ਕਰਦੀਆਂ ਪਿਆਰ ਜ਼ਨਾਨੀਆਂ ਤੁਸੀਂ ਕੁਝ ਨਾ ਪੁਛੋ।
ਅੱਖਾਂ ਸਨ ਮਸਤਾਨੀਆਂ ਤੁਸੀਂ ਕੁਝ ਨਾ ਪੁਛੋ।

ਕਿਸੇ ਗੱਲ ਦੇ ਵਿਚ ਵੀ ਮੈਂ ਨਹੀਂ ਸਾਂ ਵਾਂਝਾ।
ਹੀਰ ਜੇ ਮੈਨੂੰ ਵੇਖਦੀ ਭੁੱਲ ਜਾਂਦੀ ਰਾਂਝਾ।

ਸੱਸੀ ਮੈਨੂੰ ਵੇਖਦੀ ਪੁਨੂੰ ਨੂੰ ਭੁਲਦੀ।
ਮੇਰੇ ਵਿਛੋੜੇ ਵਿਚ ਉਹ ਥਲਾਂ ਵਿਚ ਰੁਲਦੀ।

ਭਾਈਆ ਮੇਰਾ ਬਨੀਆਂ ਸੀ, ਸੀ ਪੈਸੇ ਵਾਲਾ।
ਬਾਹਰੋਂ ਚਿੱਟਾ ਦੁਧ ਸੀ, ਪਰ ਅੰਦਰੋਂ ਕਾਲਾ।

ਦਸਵੀਂ ਕੀਤੀ ਪਾਸ ਮੈਂ ਮੇਰੀ ਹੋਈ ਕੁੜਮਾਈ।
ਗਿਣੀ ਨਾ ਜਾਂਦੀ ਅਸਾਂ ਤੋਂ ਜੋ ਦਿਤ ਸੀ ਆਈ।

ਇਸ ਸ਼ਗਨ ਨੇ ਦਿੱਲੀ ਵਿਚ ਇਕ ਧੁੰਮ ਸੀ ਪਾਈ।
ਤਿੰਨ ਹਜ਼ਾਰ ਰੁਪਿਆ ਤੇ ਰੰਗ ਰੰਗੀ ਮਠਿਆਈ।

ਖੁਲ੍ਹ ਗਿਆ ਤਕਦੀਰ ਮੇਰੀ ਦਾ ਵਜਿਆ ਤਾਲਾ।
ਸੌਹਰੇ ਮੇਰੇ ਗਲ ਪਾਈ ਛੀ ਪੌਂਡ ਦੀ ਮਾਲਾ।

ਦਿਤਾ ਉਹਨਾਂ ਨੇ ਰਜ ਕੇ ਜੋ ਕੁਝ ਸੀ ਸਰਿਆ।
ਫਿਰ ਵੀ ਮੇਰੇ ਭਾਈਏ ਦਾ ਨਹੀਂ ਪੇਟ ਸੀ ਭਰਿਆ।

ਸਾਲ ਦੇ ਪਿੱਛੋਂ ਭਾਈਏ ਨੇ ਇਹ ਸ਼ੋਸ਼ਾ ਛਡਿਆ।
ਖਾ ਪੀ ਉਸ ਨੇ ਫਿਰ ਬੂਥਾ ਅੱਡਿਆ।

ਇੱਥੇ ਕਰਨਾ ਸਾਕ ਨਹੀਂ ਹੈ ਵਹੁਟੀ ਕਾਲੀ।

ਅਸਾਂ ਨੇ ਬਹੂ ਹੁਣ ਲੈਣੀ ਹੈ ਕੋਈ ਡਿਠੀ ਭਾਲੀ।

ਐਫ. ਏ. ਕੀਤਾ ਪਾਸ ਨਵਾਂ ਇਕ ਮੁਰਗਾ ਫਸਿਆ।
ਚੰਗਾ ਅਸਾਂ ਨੇ ਮੁਰਗੇ ਦਾ ਫਿਰ ਨਮਦਾ ਕਸਿਆ।

ਚਾਰ ਹਜ਼ਾਰ ਰੁਪਿਆ ਸੀ ਜੋ ਛਣ ਛਣ ਕਰਦਾ।
ਹੋਰ ਵੀ ਕਿੰਨਾ ਮਾਲ ਸੀ ਜੋ ਤਰਦਾ ਤਰਦਾ।

ਉਹ ਈਰਾਨੀ ਸੇਠ ਸੀ ਉਹਦੀ ਭਰੀ ਤਜੌਰੀ।
ਦਿਤੀ ਭਰੀ ਬਾਦਾਮ ਦੀ ਸਾਨੂੰ ਉਸ ਬੋਰੀ।

ਸਾਲ ਦੇ ਮਗਰੋਂ ਟੁੱਟ ਗਿਆ ਜੋ ਤਾਣਾ ਤਣਿਆ।
ਹੋ ਗਈ ਬੋਲੋ ਰਾਮ ਸੇਠ ਦੀ ਚਲਤਾ ਬਣਿਆ।

ਸਾਕ ਭਾਈਏ ਨੇ ਮੋੜ ਲਿਆ ਕੁਝ ਕਰ ਕੇ ਬਹਾਨੇ।
ਅੱਖਾਂ ਅੱਗੇ ਰਖ ਲਏ ਕੋਈ ਹੋਰ ਨਿਸ਼ਾਨੇ।

ਭਾਈਏ ਜੀ ਨੇ ਰੱਬ ਮੇਰੇ ਦਾ ਸ਼ੁਕਰ ਮਨਾਇਆ।
ਅੱਗੇ ਕੋਲੋਂ ਹੋਰ ਚੰਗਾ ਇਕ ਮੁਰਗਾ ਫ਼ਾਹਿਆ।

ਪਿਛਲੀ ਹੋ ਗਈ ਹਜ਼ਮ ਰਕਮ ਜੋ ਅਸਾਂ ਨੇ ਲੀਤੀ।
ਪੰਜ ਹਜ਼ਾਰਾਂ ਦੀ ਨਵੀਂ ਅਸਾਂ ਗੋਡੀ ਕੀਤੀ।

ਵੱਡਾ ਭਾਰੀ ਠੇਕੇਦਾਰ ਸੀ ਮੇਰੇ ਭਾਈਏ ਬੁਝਿਆ।
ਚੰਗਾ ਧਨੀ ਧਨਾਢ ਸੀ ਕੋਈ ਰਜਿਆ ਪੁਜਿਆ।

ਸਾਲ ਦੇ ਪਿੱਛੋਂ ਕੁੜੀ ਨੇ ਕਰ ਦਿਤਾ ਚਲਾਣਾ।
ਮੁੱਕ ਗਿਆ ਉਸ ਸ਼ੋਧੀ ਸਭ ਆਬੋ ਦਾਣਾ।

ਭਾਈਏ ਜੀ ਦੀ ਹੋ ਰਹੀ ਹਰ ਥਾਂ ਬਦਨਾਮੀ।
ਹੋਰ ਲੱਗੀ ਵੱਧ ਕੇ ਮੇਰੀ ਨਿਲਾਮੀ।

ਵਧ ਚੜ੍ਹ ਕੇ ਲੋਕਾਂ ਨੇ ਮੇਰੀ ਬੋਲੀ ਬੋਲੀ।
ਭਾਈਏ ਜੀ ਦੀ ਭਰੀ ਗਈ ਨੋਟਾਂ ਨਾਲ ਝੋਲੀ।

ਇਹ ਵੀ ਸਾਨੂੰ ਦਿਸ ਰਹੀ ਸੀ ਉਚੀ ਆਸਾਮੀ।
ਵੱਡਾ ਕੋਈ ਇੰਜੀਨੀਅਰ ਸੀ ਅਫ਼ਸਰ ਨਾਮੀ।

ਲਾਵਾਂ ਫੇਰੇ ਹੋ ਗਏ ਤਾਂ ਅੜ ਗਿਆ ਭਾਈਆ।
ਕੁੜਮ ਦੇ ਸਿਰ 'ਤੇ ਇਕ ਦਮ ਚੜ੍ਹ ਗਿਆ ਭਾਈਆ।

ਮੋਟਰ ਕਾਰ ਦੀ ਕਸਰ ਜੋ ਰਹੀ ਅਧੂਰੀ।
ਇਹ ਕਸਰ ਵੀ ਕਰ ਦਿਉ ਸਰਦਾਰ ਜੀ ਪੂਰੀ।

ਸੁਣ ਕੇ ਡਿੱਗ ਪਿਆ ਇਕ ਪਰਬਤ ਭਾਰਾ।
ਇਕ ਸੌ ਪੰਜ ਤੱਕ ਚੜ੍ਹ ਗਿਆ ਗੁੱਸੇ ਦਾ ਪਾਰਾ।

ਚੜ੍ਹ ਗਏ ਸਾਡੇ ਸਿਰਾਂ ’ਤੇ ਉਹ ਮਾਰ ਪਲਾਕੀ।
ਛਿਤਰ ਉਨ੍ਹਾਂ ਨਹੀਂ ਮਾਰਿਆ ਇਹ ਕਸਰ ਸੀ ਬਾਕੀ।

ਭਾਈਏ ਜੀ ਨੂੰ ਹਰ ਕਿਸੇ ਫਿਟਕਾਰ ਆ ਪਾਈ।
ਬਿਨ ਵਹੁਟੀ ਦੇ ਜੰਞ ਸਾਰੀ ਮੁੜ ਘਰ ਨੂੰ ਆਈ।

ਅੱਧੀ ਰਾਤੀਂ ਭਾਈਏ ਜੀ ਦਾ ਦਮ ਆ ਹਲਿਆ।
ਕਰ ਕੇ ਸਾਨੂੰ ਯਤੀਮ ਉਹ ਅੱਗੇ ਨੂੰ ਚਲਿਆ।

ਹਾਏ ਹਾਏ ਭਾਈਆ ਟੁਰ ਗਿਉਂ ਲਾ ਖਾ ਕੇ ਜਾਂਦੋਂ।
ਮੈਂ ਰੰਡੇ ਦਾ ਬੇੜਾ ਬੰਨੇ ਲਾ ਕੇ ਜਾਂਦੋਂ।

ਭਾਈਏ ਜੀ ਦੀ ਜਿੰਨੀ ਹੈ ਸੀ ਖਟੀ ਖਟਾਈ।
ਸਾਲ ਦੇ ਅੰਦਰ ਅਸਾਂ ਨੇ ਉਹਦੀ ਬੰਬ ਬੁਲਾਈ।

ਭਾਈਏ ਜੀ ਦੀ ਜਾਨ ਨੂੰ ਹੁਣ ਰੋਂਦੇ ਪਏ ਹਾਂ।
ਗੁਰਦੁਵਾਰੇ ਫੂਹੜੀ ਤੇ ਹੁਣ ਸੌਂਦੇ ਪਏ ਹਾਂ।

♣

# ਰੱਬ ਅੱਗੇ ਤਰਲਾ

ਤਰਲੇ ਲੈ ਲੈ ਕੇ, ਕੋਈ ਕਹੇ ਰੱਬਾ,
ਬਿਰਲੇ ਵਾਂਗ ਮੈਨੂੰ ਤੂੰ ਧੰਨਵਾਨ ਕਰਦੇ।

ਪੰਡਤ ਕਰੇ ਪ੍ਰਾਰਥਨਾ,ਦਿਨੇ-ਰਾਤੀਂ,
ਸਾਰਾ ਜਗ ਤੂੰ ਜਜਮਾਨ ਕਰਦੇ।

ਅੰਨ੍ਹਾਂ ਕਹੇ ਨਾ ਅੱਖਾਂ ਦੀ ਲੋੜ ਮੈਨੂੰ,
ਮੇਰੇ ਵਾਂਗ ਅੰਨ੍ਹਾਂ ਕੁਲ ਜਹਾਨ ਕਰਦੇ।

ਗੁੰਗਾ ਕਹੇ ਨਾ, ਜੀਭਾ ਦੀ ਲੋੜ ਮੈਨੂੰ,
ਮੇਰੇ ਵਾਂਗ ਸਭ ਨੂੰ ਬੇਜ਼ਬਾਨ ਕਰਦੇ।

ਕੋਈ ਕਹੇ ਕਿ ਮੇਰਿਆਂ ਦੁਸ਼ਮਣਾਂ ਨੂੰ,
ਬਿਖਰੀ ਜ਼ੁਲਫ਼ ਵਾਂਗਣ ਪਰੀਸ਼ਾਨ ਕਰਦੇ।

ਬੁੱਢਾ ਕਹੇ ਕਿ ਇਕੋ ਹੀ ਕੁਸ਼ਤੇ ਦੇ ਨਾਲ,
ਪੰਝੀ ਵਰ੍ਹਿਆਂ ਦਾ ਮੈਨੂੰ ਜਵਾਨ ਕਰਦੇ।

ਭੁੱਖੜ ਵੈਦ ਹਰ ਰੋਜ਼ ਇਹ ਮੰਗ ਮੰਗੇ,
ਰੱਬਾ ਸਾਰਿਆਂ ਨੂੰ ਤੂੰ ਯਰਕਾਨ ਕਰਦੇ।

ਹੱਥ ਦਾਹੜੀ ਤੇ ਫੇਰ ਕੇ ਕਹੇ ਮੁੱਲਾਂ,
ਸਾਰਾ ਜਗ ਰੱਬਾ ਮੁਸਲਮਾਨ ਕਰਦੇ।

ਡੰਡ ਕੱਢ ਕੱਢ ਕੇ ਕੋਈ ਆਖਦਾ ਹੈ,
ਦਾਰਾ ਸਿੰਘ ਵਰਗਾ ਪਹਿਲਵਾਨ ਕਰਦੇ।

ਕੋਈ ਕਹੇ ਕਿ ਮੋਤੀ ਬਖੇਰ ਦੇਵਾਂ,
ਮੈਨੂੰ ਇਹੋ ਜਿਹਾ ਸੁਖਨਦਾਨ ਕਰਦੇ।

ਇਕ ਪੁਲਸ ਦਾ ਨਿੱਕਾ ਸਿਪਾਹੀ ਆਖੇ,
ਮੈਨੂੰ ਪੁਲਸ ਦਾ ਵੱਡਾ ਕਪਤਾਨ ਕਰਦੇ।

ਕੋਈ ਮੱਥੇ ਘਸਾ ਕੇ, ਕਹਿ ਰਿਹਾ ਹੈ,
ਉੱਚੀ ਜਗ ਅੰਦਰ ਮੇਰ ਸ਼ਾਨ ਕਰਦੇ।

'ਈਸ਼ਰ' ਮੰਗਦਾ ਹੈ, ਇਕੋ ਦਾਤ ਤੈਂ ਤੋਂ,
ਪੂਰੀ ਆਸ ਮੇਰੀ ਐ ਭਗਵਾਨ ਕਰਦੇ।

ਹੋਰ ਦਾਨ ਤੂੰ ਦੇਹ, ਨਾ ਦੇਹ ਮੈਨੂੰ,
ਤੂੰ ਖ਼ੁਸ਼ਹਾਲ ਮੇਰਾ ਹਿੰਦੁਸਤਾਨ ਕਰਦੇ।

♣

## ਸੁਰਮੇ ਵਾਲਾ

ਪੈਰ ਪਾਇਆ ਸੱਠਾਂ ’ਚ ਭਾਈਏ, ਦੁਖਿਆਰੀ ਕੁਝ ਜਿੰਦ ਸੀ।
ਸੱਜੀ ਉਨ੍ਹਾਂ ਦੀ ਅੱਖ ’ਚ ਆਇਆ, ਕੁਝ ਮੋਤੀਆ ਬਿੰਦ ਸੀ।

ਉਧਰ ਮਰਜ਼ਾਂ ਕਈ ਚੁਮੁਟੀਆਂ, ਭਾਈਆ ਮੇਰਾ ਘੱਲਾ,
ਕੰਨ ਵੀ ਕੁਝ ਛੁੜਾਂਦੇ ਜਾਂਦੇ, ਭਾਈਏ ਕੋਲੋਂ ਪੱਲਾ।

ਉਹੜ ਪੋਹੜ ਕਈ ਭਾਈਏ ਕੀਤੇ, ਕੁਝ ਨਾ ਫ਼ਾਇਦਾ ਹੋਇਆ,
ਜਿਥੇ ਸੁਣਿਆ ਕੋਈ ਸਿਆਣਾ, ਉਥੇ ਜਾ ਕੇ ਰੋਇਆ।

ਕੀ ਦਸਾਂ ਤੇ ਕੀ ਨਾ ਦਸਾਂ, ਇਹ ਸੀ ਰੱਬ ਦਾ ਭਾਣਾ,
ਹੋਂਦਾ ਹੋਂਦਾ ਆਖਰ ਹੋ ਗਿਆ, ਭਾਈਆ ਮੇਰਾ ਕਾਣਾ।

ਤਰਲੋ ਮੱਛੀ ਭਾਈਆ ਹੋਇਆ, ਬੜੀ ਮੁਸੀਬਤ ਕੱਟੀ,
ਕਈ ਸਰਜਨ ਉਸ ਗਾਹੇ ਜਾ ਕੇ, ਨਾ ਮੁਸੀਬਤ ਘੱਟੀ।

ਇਕ ਦਿਨ ਭਾਈਆ ਅੰਮ੍ਰਿਤਸਰ ਜੀ, ਗੁਰ ਦਰਸ਼ਣ ਨੂੰ ਗਿਆ,
ਸੇਵਾ ਕੀਤੀ ਰਜ ਕੇ ਉਥੇ, ਇਕ ਮਹੀਨਾ ਰਿਹਾ।

ਇਕ ਮਹੀਨਾ ਕੱਟ ਕੇ ਦਿੱਲੀ ਫਿਰ ਤਸ਼ਰੀਫ ਲੈ ਆਏ,
ਭਾਈਏ ਨੂੰ ਜਦ ਘਰ ਵਿਚ ਤਕਿਆ, ਨਿੱਕੇ ਵੱਡੇ ਘਬਰਾਏ।

ਸਜੀ ਤਾਂ ਗੁਲ ਅੱਗੇ ਅੱਖ ਸੀ, ਖੱਬੀ ਵੀ ਵਗ ਰਹੀ ਸੀ,
ਦਰਦ ਦੇ ਮਾਰੇ ਉਨ੍ਹਾਂ ਦੀ ਅੱਖ ’ਚ, ਅੱਗ ਜਿਹੀ ਲੱਗ ਰਹੀ ਸੀ।

ਪੁਛਣ ’ਤੇ ਉਹ ਆਖਣ ਲੱਗੇ ਕਿਸਮਤ ਮੇਰੀ ਹਰ ਗਈ,
ਕੀ ਦਸਾਂ ਮੈਂ ਬਚਿਆ ਤੈਨੂੰ, ਹੋਣੀ ਕਾਰਾ ਕਰ ਗਈ।

ਗੱਡੀ ਵਿਚ ਇਕ ਸੁਰਮੇ ਵਾਲਾ, ਸੁਰਮਾ ਵੇਚ ਰਿਹਾ ਸੀ,
ਇਕ ਸੁਰਮਚੂ ਸੁਰਮੇ ਦਾ ਮੈਂ, ਅੱਖਾਂ ਵਿਚ ਲਿਆ ਸੀ।

ਐਸੀ ਘੜੀ ਕੁਲੱਖਣੀ ਆਈ, ਉਹ ਮੈਨੂੰ ਨਹੀਂ ਭੁਲਦੀ,
ਇਕ ਸਲਾਈ ਅੱਖ ਵਿਚ ਪਾਈ, ਅੱਖ ਮੇਰੀ ਨਹੀਂ ਖੁਲ੍ਹਦੀ।

ਮੈਂ ਕਿਹਾ ਕਿ ਇਸ ਸੁਰਮੇ ਦੀ ਕਿਹੜੀ ਲੋੜ ਪਈ ਏ?
ਚੰਗੀ ਭਲੀ ਸੀ ਅੱਖ, ਧੰਗਾਣੇ ਨਵੀਂ ਮੁਸੀਬਤ ਲਈ ਏ।

ਇਸ ਅੱਖੀਂ ਨੇ ਵਲ ਨਹੀਂ ਹੋਣਾ, ਹੁਣ ਮੂੰਹ ਧੋ ਕੇ ਬੈਠੋ,
ਅੱਗੇ ਤਾਂ ਤੁਸੀਂ ਕਾਣੇ ਸੋ, ਹੁਣ ਅੰਨ੍ਹੇ ਹੋ ਕੇ ਬੈਠੋ।

ਗੱਡੀ ਵਿਚ ਇਹ ਵੇਚਣ ਵਾਲੇ, ਕੀ ਦਸਾਂ ਇਹ ਕੀ ਨੇ।
ਸਹੁੰ ਚਾ ਕੇ ਮੈਂ 'ਈਸ਼ਰ' ਆਖਾਂ, ਪੂਰੇ ਚਾਰ ਸੌ ਵੀਹ ਨੇ।

♣

# ਹਿੰਦੂ ਸਿੱਖ ਏਕਤਾ

ਐ ਹਿੰਦੂ ਸਿੱਖਾ ਸੱਚ ਦੱਸਾਂ,
ਨਹੀਂ ਤੇਰੀ ਕੋਈ ਲੜਾਈ ਹੈ।
ਇਹ ਖ਼ੁਦਗਰਜ਼ੀ ਦੇ ਲੱਡੂ ਨੀ,
ਇਹ ਰੰਡੇ ਦੀ ਕੁੜਮਾਈ ਹੈ।
ਚੌਧਰ ਦੇ ਭੁੱਖੇ ਲੀਡਰ ਲਈ,
ਦੁਧ ਮਾਝੇ ਉੱਤੇ ਮਲਾਈ ਹੈ।
ਹੱਥ ਫੇਰ ਤੂੰ ਇਸ ਦੀ ਗੋਗੜ ਤੇ,
ਕੰਬਖ਼ਤ ਨੇ ਕਿੰਨੀ ਵਧਾਈ ਹੈ।

ਤੂੰ ਹੱਥ ਭੜੱਥੀ ਹੁੰਦਾ ਏਂ,
ਉਸ ਵੇਲੇ ਇਹ ਫ਼ਰਊਨ ਹੁੰਦੈ।
ਤੂੰ ਰਲ ਮਿਲ ਕੇ ਜਦ ਬਹਿਨਾਂ ਏਂ,
ਇਹਦੀ ਮੁੱਛ ਦਾ ਸਿੰਗਲ ਡਾਊਨ ਹੁੰਦੈ।

ਤੂੰ ਜਿਨ੍ਹੂੰ ਮੁਹਾਣੇ ਸਮਝ ਰਿਹੋਂ,
ਇਹ ਡੁੱਬਣ ਵਾਲੇ ਬੇੜੇ ਨੀ।
ਵੋਟਾਂ ਦਾ ਵੇਲਾ ਆਇਆ ਹੈ,
ਇਹ ਢੁੱਕ ਢੁੱਕ ਬਹਿੰਦੇ ਨੇੜੇ ਨੀ।
ਤੂੰ ਖਾ ਮਸਰਾ ਦੀ ਦਾਲ ਪਿਆ,
ਇਨ੍ਹਾਂ ਲਈ ਤਾਂ ਲੱਡੂ ਪੇੜੇ ਨੀ।
ਜਿਨ੍ਹੂੰ ਹੀਰੇ, ਰਾਂਝਾ ਸਮਝ ਰਹੀ ਏਂ,
ਤੇਰੇ ਦੁਸ਼ਮਨ ਸੈਦੇ ਖੇੜੇ ਨੀ।

ਸਿੱਖ ਹਿੰਦੂ ਹੱਸਣਾ ਚਾਹੁੰਦੇ ਨੇ,
ਪਰ ਦੂਤੀ ਹੱਸਣ ਨਹੀਂ ਦੇਂਦੇ ਨੇ।
ਅਸੀਂ ਤਾਂ ਵੱਸਣਾ ਚਾਹੁੰਦੈ ਹਾਂ,
ਪਰ ਛੜੇ ਵੱਸਣ ਨਹੀਂ ਦੇਂਦੇ ਨੇ।

ਜਦ ਮੈਂਬਰ ਬਣਨਾ ਚਾਹੀਦਾ ਹੈ,

ਸਾਡਾ ਬੂਹਾ ਵੀ ਪਟ ਖਾਂਦਾ ਹੈ।
ਆਪ ਬਹਿੰਦਾ ਮੰਜੀ ਧ੍ਰਿੰਗੀ ਤੇ,
ਸਾਨੂੰ ਸੋਫ਼ੇ ਉੱਤੇ ਬਿਠਾਦਾ ਏ,
ਜੇ ਛੰਨਾ ਮੰਗੀਏ ਪਾਣੀ ਦਾ,
ਝਟ ਵਿਸਕੀ ਕੱਢ ਪਿਲਾਂਦਾ ਏ।
ਜਦ ਵੇਖੋ ਯਈਂ ਯਈਂ ਕਰਦਾ ਹੈ,
ਘਰ ਫੇਰੇ ਸੌ ਸੌ ਪਾਂਦਾ ਏ।

ਜਦ ਮੈਂਬਰੀ ਦੀ ਦੂਮ ਲੱਗਦੀ ਹੈ,
ਫਿਰ ਹੁੰਦਾ ਇਸਦਾ ਮੇਲ ਨਹੀਂ।
ਘਰ ਜਾਈਏ ਅੰਦਰੋਂ ਕਹਿੰਦਾ ਹੈ,
'ਭਾਈਆ ਜੀ' ਸਾਨੂੰ ਵਿਹਲ ਨਹੀਂ।

ਜਦ ਡਾਂਗਾ ਸੋਟੇ ਚਲਦੇ ਨੇ,
ਤੇ ਰਤ ਅਸਾਡੀ ਵਹਿੰਦੀ ਹੈ।
ਇਹ ਲੂਤੀ ਲਾ ਕੇ ਟਿਪ ਜਾਂਦੈ,
ਤੇ ਜਨਤਾ ਸੜਦੀ ਰਹਿੰਦੀ ਹੈ।
ਜਿਹਦੀ ਵਹੁਟੀ ਨਖ਼ਰਾ ਦੱਸ ਕੇ ਤੇ,
ਤੇ ਦੰਦਾਸਾ ਮਲ ਕੇ ਬਹਿੰਦੀ ਹੈ।
ਹੁਣ ਗਜਰੇ ਤਾਂ ਬਨਵਾ ਦੇਵੋ,
ਫਿਰ ਵਾਛਾਂ ਅੱਡ ਕੇ ਕਹਿੰਦੀ ਹੈ।

ਲੋਕਾਂ 'ਤੇ ਜਾਦੂ ਚੱਲ ਗਿਆ ਹੈ,
ਪਈਆਂ ਹੁੰਦੀਆਂ ਸਾਡੀਆਂ ਗੱਲਾਂ ਨੇ।
ਜਿਸ ਦਿਨ ਦੀ ਮੈਂਬਰੀ ਆਈ ਹੈ,
ਘਰ ਸਾਡੇ ਰੱਲਾਂ ਛੱਲਾਂ ਨੇ।

ਤੂੰ ਵਾਂਗ ਬਾਂਦਰ ਦੇ ਨੱਚ ਰਿਹੋਂ,
ਇਹ ਤੈਨੂੰ ਨਚਾਈ ਜਾਂਦਾ ਹੈ।
ਬਾਹਰੋਂ ਟਿਮਕਾਂਦੈ ਟਿਮਕਣੀਆਂ,
ਅੰਦਰੋਂ ਮੁਸਕਰਾਈ ਜਾਂਦਾ ਹੈ।
ਨਿਸ਼ਕਾਮ ਸੇਵਾ ਦਾ ਪੱਜ ਪਾ ਕੇ,
ਇਹ ਕੇਕ ਉਡਾਈ ਜਾਂਦਾ ਹੈ।
ਕਹਿੰਦਾ ਹੈ ਇਕ ਮਿਕ ਹੋ ਜਾਓ,
ਪਰ ਨਾਲ ਲੜਾਈ ਜਾਂਦਾ ਹੈ।

ਤੁਸੀਂ ਤਾਂ ਮਿਲਕੇ ਬੈਠੇ ਹੋ,

ਨਾ ਕੋਈ ਤੁਸਾਂ ਦੇ ਝਗੜੇ ਨੇ।
ਇਹ ਗ਼ਰਜ਼ਾਂ ਦੇ ਸਭ ਰੋਣੇਂ ਨੇ,
ਇਹ ਮੈਂਬਰੀ ਦੇ ਸਭ ਰਗੜੇ ਨੇ।

ਤੂੰ ਗੁਰਦਵਾਰੇ ਜਾਇਆ ਕਰ,
ਕੋਈ ਮੰਦਰ ਜਾਂਦੈ ਤੈਨੂੰ ਕੀ।
ਤੂੰ ਦਬ ਕੇ ਫ਼ਿਕਸੋ ਥਪਿਆ ਕਰ,
ਕੋਈ ਚੱਟਮ ਕਰਾਂਦੈ ਤੈਨੂੰ ਕੀ।
ਤੂੰ ਬਕਰੇ ਕੁੱਕੜ ਖਾਇਆ ਕਰ,
ਕੋਈ ਮੂੰਗੀ ਖਾਂਦੈ ਤੈਨੂੰ ਕੀ।
ਤੂੰ ਖ਼ੂਬ ਜੈਕਾਰੇ ਲਾਇਆ ਕਰ,
ਕੋਈ ਟਲ ਖੜਕਾਂਦੈ ਤੈਨੂੰ ਕੀ।

ਕੋਈ ਕੋਠੇ ਤੁਸਾਂ ਨੇ ਵੰਡਣੇ ਨਹੀਂ,
ਤੂੰ ਗਰਦਨ ਤਣ ਕੇ ਬੈਠਾ ਰਹੋ।
ਉਹ ਕੱਛਾ ਪਾ ਕੇ ਫਿਰਦਾ ਹੈ,
ਤੂੰ ਧੋਤੀ ਬੰਨ੍ਹ ਕੇ ਬੈਠਾ ਰਹੋ।

ਗ਼ੈਰਾਂ ਦੀ ਸੀਟੀ ਚੜ੍ਹ ਕੇ ਤੇ,
ਅੱਜ ਮਤ ਦੋਹਾਂ ਦੀ ਮਾਰੀ ਹੈ।
ਅਕਲ ’ਤੇ ਪਰਦਾ ਪਾ ਕੇ ’ਤੇ,
ਇਨ੍ਹਾਂ ਪਿਛਲੀ ਗੱਲ ਵਿਸਾਰੀ ਹੈ।

ਤੈਨੂੰ ਹਿੰਦੂ ਸਿੱਖਾ ਪਤਾ ਨਹੀਂ,
ਤੇਰੀ ਯਾਰੀ ਧੁਰ ਦੀ ਯਾਰੀ ਹੈ,
ਕਿਸੇ ਪਿਓ ਨੇ ਬੋਦੀ ਰੱਖੀ ਹੈ,
ਤੇ ਪੁੱਤਰ ਕੇਸਾਧਾਰੀ ਹੈ।

ਨਾ ਪੇਟੇ ਵੱਖਰਾ ਹੋਣਾ ਹੈ,
ਤਾਣੀ ਨੇ ਵੱਖਰਾ ਹੋਣਾ ਨਹੀਂ।
ਲੱਖ ਸੋਟੇ ਮਾਰੋ ਪਾਣੀ ਨੂੰ,
ਪਾਣੀ ਨੇ ਵੱਖਰਾ ਹੋਣਾ ਨਹੀਂ।

ਪੰਜਾਬ ਮੇਰਾ ਪੰਜਾਬ ਹੀ ਸੀ,
ਜਿਸ ਜਗ ਵਿਚ ਧੁੰਮ ਮਚਾਈ ਸੀ।
ਜਿਸ ਬੱਤੀ ਇਕ ਅਜ਼ਾਦੀ ਦੀ,
ਸਭਨਾਂ ਤੋਂ ਪਹਿਲੇ ਜਗਾਈ ਸੀ।
ਖ਼ੈਬਰ ਦਾ ਨਮਦਾ ਕਸਿਆ ਸੀ,

ਕਾਬਲ ਨੂੰ ਅੱਗ ਲਗਾਈ ਸੀ।
ਮੂੰਹ ਕਰਕੇ ਬੰਦ ਪਠਾਣਾਂ ਦਾ,
ਹੱਥਾਂ 'ਤੇ ਸਰੋਂ ਜਮਾਈ ਸੀ।

ਅੱਜ ਲੀਡਰ ਕਹਿੰਦਾ ਹੈ ਭਲੀ ਕਰੇਗਾ,
ਚੜ੍ਹ ਜਾ ਬੱਚਾ ਸੂਲੀ 'ਤੇ।
ਅੱਜ ਵੇਖ ਲੌ ਆਪੂੰ ਲੜਦਾ ਹੈ,
ਇਕ ਗਾਜਰ ਸ਼ਲਗਮ ਮੂਲੀ 'ਤੇ।

ਓਏ 'ਭਾਈਆ' ਤੈਨੂੰ ਪਤਾ ਨਹੀਂ,
ਇਹ ਲੀਡਰ ਨਹੀਂ ਮਦਾਰੀ ਆ।
ਇਹਦਾ ਝੁਰਲੂ ਇਕ ਅਨੋਖਾ ਹੈ,
ਅਨੋਖੀ ਇਹਦੀ ਪਟਾਰੀ ਆ।
ਇਕ ਹੱਥ ਵਿਚ ਇਹਦੇ ਮਾਲਾ ਹੈ,
ਤੇ ਦੂਜੇ ਹੱਥ ਕਟਾਰੀ ਆ।
ਇਨੂੰ ਖ਼ਸਰਾ ਲੋਕੀਂ ਕਹਿੰਦੇ ਨੇ,
ਨਾ ਨਰ ਤੇ ਨਾ ਇਹ ਨਾਰੀ ਆ।

ਕੋਈ ਸੋਹਣਾ ਲੀਡਰ ਲੱਭ ਲੈ ਤੂੰ,
ਛੱਡ ਭੈੜੇ ਇਸ ਨਿਕੰਮੇ ਨੂੰ।
ਗਲ ਜਾਕਿਟ ਪਾ ਤੂੰ ਸੋਨੇ ਦੀ,
ਛੱਡ ਪਿੱਤਲ ਅਤੇ ਮਲ੍ਹਮੇ ਨੂੰ।

ਯਾਰਾਂ ਦ ਯਾਰੀ ਛੱਡ ਕੇ ਤੇ,
ਕਿਹਦੇ ਨਾਲ ਪਿਆ ਯਾਰੀ ਗੰਡਨਾਂ ਏਂ।
ਵੀਰਾਂ ਦੀ ਗਰਦਨ ਕੱਟਣ ਲਈ,
ਹੁਣ ਛੁਰੀਆਂ ਨੂੰ ਪਿਆ ਚੰਡਨਾ ਏਂ।
ਮਿੱਤਰਾਂ ਦਾ ਬੂਥਾ ਭੰਨਣ ਲਈ,
ਓਏ ਬਾਜ਼ਾ ਪਰ ਪਿਆ ਛੰਡਨਾ ਏਂ।
ਜਿਹਲਮ ਤੇ ਰਾਵੀ ਛੱਡ ਆਇਉਂ,
ਹੁਣ ਸਤਲੁਜ ਬਿਆਸਾ ਵੰਡਨਾ ਏਂ।

ਜੇ ਸਿੱਖਾਂ ਹਿੰਦੀ ਪੜ੍ਹ ਲਈ ਤੂੰ,
ਤੇਰੇ ਹੱਥਾਂ ਦੀ ਮਹਿੰਦੀ ਲਹਿੰਦੀ ਨਹੀਂ।
ਪੰਜਾਬੀ ਹਿੰਦੂਆ ਸਿਖ ਲਈ ਤੂੰ,
ਤੇਰੀ ਪਗੜੀ ਸਿਰ ਤੋਂ ਢਹਿੰਦੀ ਨਹੀਂ।

ਇਕ ਫੋਕੀ ਬਿਜਲੀ ਚਮਕ ਰਹੀ,

ਪਏ ਫੋਕੇ ਬੱਦਲ ਚੜ੍ਹਦੇ ਨੇ।
ਟਲ ਮੁੱਛਾਂ ਨੂੰ ਵੱਟ ਦੇ ਕੇ ਤੇ,
ਪਏ ਨਾਲ ਸੰਖਾਂ ਦੇ ਲੜਦੇ ਨੇ।
ਅੱਜ ਖੀਰ ਕੜਾਹ ਦਾ ਝਗੜਾ ਹੈ,
ਪਏ ਧੋਤੀ ਕੱਛੇ ਲੜਦੇ ਨੇ।
ਜੋ ਦਾਨਾ ਬੜੇ ਸਿਆਣੇ ਨੇ,
ਮੂਤਰ ਤੋਂ ਮੱਛੀਆਂ ਫੜਦੇ ਨੇ।

'ਈਸ਼ਰ' ਵਿਆਹੇ ਹੱਸਣਗੇ,
ਰੰਡਿਆਂ ਨੇ ਆਖ਼ਿਰ ਰੋਣਾ ਹੈ।
ਸਾਗਿਰ ਦੀਆਂ ਛੱਲਾਂ ਲੜ ਲੜ ਕੇ,
ਫਿਰ ਆਖ਼ਿਰ ਇਕ ਮਿਕ ਹੋਣਾ ਹੈ।

♣

# ਮੇਰਾ ਮਰਨਾ

ਰਾਤ ਦਾ ਪਿਛਲਾ ਪਹਿਰ ਸੀ ਮੈਂ ਅਤ ਘਬਰਾਇਆ,
ਵਹੁਟੀ ਸੁੱਤੀ ਪਈ ਸੀ ਮੈਂ ਉਹਨੂੰ ਜਗਾਇਆ।

ਮੈਂ ਕਿਹਾ ਮੈਂ ਜਾ ਰਿਹਾਂ ਕੁਝ ਕਰ ਲੈ ਹੀਲਾ,
ਤੋਰੀ ਵਰਗਾ ਹੋ ਗਿਆ ਮੂੰਹ ਮੇਰਾ ਪੀਲਾ।

ਭਾਂਡਾ ਬਣਿਆ ਚਿਰਾਂ ਦਾ ਹੁਣ ਭੱਜਣ ਲੱਗਾ,
ਮੇਰੇ ਗਲ ਵਿਚ ਘੂੰਗਰੂ ਆ ਵੱਜਣ ਲੱਗਾ।

ਨਿਕਲੀ ਮੇਰੀ ਆਤਮਾ ਇਉਂ ਚੋਲਾ ਛੱਡ ਕੇ,
ਨਿਕਲ ਜਾਂਦਾ ਹੈ ਚੋਰ ਚੋਰੀ ਦਾ ਮਾਲ ਜੋ ਕੱਢਕੇ।

ਗਿੱਦੜਾਂ ਤੋਂ ਮੈਂ ਵੱਧ ਸਾਂ ਡਰਪੋਕ ਘਨੇਰਾ,
ਵਹੁਟੀ ਰੋ ਰੋ ਆਖਦੀ ਹਾਏ ਦੂਲਿਆ ਸ਼ੇਰਾ।

ਹੱਡੀਆਂ ਦੀ ਇਕ ਮੁੱਠ ਸਾਂ, ਸਾਂ ਤੋਲਾਂ ਮਾਸਾ,
ਨਾ ਜਦ ਸੁਣਿਆ ਸ਼ੇਰ ਦਾ ਮੈਨੂੰ ਆ ਗਿਆ ਹਾਸਾ।

ਦਿਲ ਵਿਚ ਆਖਾਂ ਵਹੁਟੀ ਮੇਰੀ ਨੇ ਪਰਦਾ ਢੱਕਿਆ,
ਸ਼ੇਰ ਤਾਂ ਮੇਰੇ ਪਿਉ ਨੇ ਨਹੀਂ ਜੰਮ ਕੇ ਤੱਕਿਆ।

ਨਦੀ ਕਿਨਾਰੇ ਰੁਖੜਾ ਸਾਂ ਮੁੱਢ ਪੁਰਾਨਾ,
ਵਹੁਟੀ ਆਖੇ ਛੱਡ ਗਿਉਂ ਹਾਏ ਹਾਏ ਜਵਾਨਾ।

ਯਾਦ ਕਰਾਈ ਉਸ ਨੇ ਜਦ ਮੈਨੂੰ ਜਵਾਨੀ,
ਅੱਖਾਂ ਅੱਗੇ ਫਿਰ ਗਈ ਕੋਈ ਯਾਦ ਪੁਰਾਨੀ।

♣

# ਮੇਰਾ ਜੰਮਣਾ

ਇਕ ਦਿਨ ਸਵਰਗ ਦੇ ਵਿਚੋਂ ਮੈਨੂੰ, ਰਬ ਨੇ ਸੱਦ ਬੁਲਾਇਆ,
ਭਾਈਆ ਤੈਨੂੰ ਜੰਮਣਾ ਪੈਸੀ, ਰੱਬ ਨੇ ਇਉਂ ਫੁਰਮਾਇਆ।

ਜਿਸ ਰੋਜ਼ ਤੋਂ ਸਵਰਗ ਪੁਰੀ ਵਿਚ ਤੁਸਾਂ ਨੇ ਪੈਰ ਪਸਾਰੇ।
ਹੂਰਾਂ ਅਤੇ ਫ਼ਰਿਸ਼ਤੇ ਮੇਰੇ, ਬਾਗ਼ੀ ਬਣ ਗਏ ਸਾਰੇ।

ਮੈਂ ਕਿਹਾ ਜੇ ਜੰਮਣਾ ਪੈਣੈਂ ਸੁੱਤਾ ਬਖ਼ਤ ਜਗਾ ਦੇ।
ਇੰਗਲੈਂਡ ਦੀ ਮਲਿਕਾ ਦੇ ਘਰ, ਪ੍ਰਿੰਸ ਆਫ਼ ਵੇਲਜ਼ ਬਣਾਦੇ।

ਤੇਰੀ ਬੇਅਨਿਆਯੀ ਤਕ ਕੇ, ਬੜਾ ਹੀ ਦੁੱਖ ਤੇ ਗ਼ਮ ਹੈ।
ਘਰ ਗ਼ਰੀਬਾਂ ਜੰਮ ਜੰਮ ਕੇ, ਮੇਰਾ ਨਕ ਵਿਚ ਆਇਆ ਦਮ ਹੈ।

ਰੱਬ ਕਿਹਾ ਇਸ ਹੁਸਨ ਦੇ ਬਹਿਰ ਵਿਚ ਤੈਨੂੰ ਤਰਨਾ ਪੈਸੀ।
ਜੇ ਸ਼ਾਇਰਾਂ ਤੂੰ ਸ਼ਾਇਰੀ ਕਰਨੀ, ਭੁੱਖਾ ਮਰਨਾ ਪੈਸੀ।

ਕਿਸ ਬਾਗ਼ ਦੀ ਮੂਲੀ ਹੈਂ ਤੂੰ, ਸ਼ਾਇਰ ਕਈ ਚੰਗੇ ਚੰਗੇ।
'ਗਾਲਿਬ' ਜਿਹੇ ਉਸਤਾਦ ਵੀ ਕਾਮਿਲ ਮਰ ਗਏ ਭੁੱਖੇ ਨੰਗੇ।

ਸ਼ਾਇਰ ਦੇ ਭੁੱਖੇ ਪੇਟ ਨੂੰ ਮੈਂ, ਤਾਂ ਕਦੀ ਵੀ ਭਰ ਨਹੀਂ ਸਕਦਾ।
ਤੇਰੀ ਖ਼ਾਤਿਰ ਨਵੀਂ ਅਮੈਂਡਮੈਂਟ, ਮੈਂ ਕੋਈ ਕਰ ਨਹੀਂ ਸਕਦਾ।

ਜੇ ਛੱਡੀ ਤੂੰ ਸ਼ਾਇਰੀ ਤੇਰੀ, ਕਿਸਮਤ ਨੂੰ ਵਲ ਸਕਨਾਂ।
ਕਿਸੇ ਬਿਰਲੇ ਯਾ ਟਾਟੇ ਦੇ ਘਰ, ਤੈਨੂੰ ਮੈਂ ਘਲ ਸਕਨਾਂ।

ਮੈਂ ਕਿਹਾ-ਮੈਂ ਸ਼ਾਇਰੀ ਛੱਡ ਕੇ ਆਯੂ ਕਿਵੇਂ ਗੁਜ਼ਾਰਾਂ।
ਇਸ ਸ਼ਾਇਰੀ ਦੀ ਜੁੱਤੀ ਉਤੋਂ, ਦੀਨ ਦੁਨੀ ਨੂੰ ਵਾਰਾਂ।

ਨਾ ਤੇਰੀ ਹੈ ਕੋਈ ਅਸੈਂਬਲੀ, ਨਾ ਕੋਲੀਸ਼ਨ ਕੋਈ।
ਨਾ ਡੀਬੇਟ ਦਾ ਖ਼ਤਰਾ ਤੈਨੂੰ, ਨਾ ਅਪੋਜ਼ੀਸ਼ਨ ਕੋਈ।

ਨਾ ਕੋਈ ਆਰਡਰ ਆਰਡਰ ਹੋਨੈਂ, ਨਾ ਕੋਈ ਡਊਟ ਹੈ ਇੱਥੇ।
ਨਾ ਮੈਂਬਰਾਂ ਦੀਆਂ ਝੜਪਾਂ ਕੋਈ, ਨਾ ਵਾਕ ਆਊਟ ਹੈ ਇੱਥੇ।

ਨਾ ਸਪੀਕਰ ਰੂਲਿੰਗ ਦੇ ਕੇ, ਸਿਟ ਡਾਊਨ ਹੈ ਕਹਿਣਾ।
ਨਾ ਕਿਸੇ ਐਮ. ਪੀ. ਨੇ ਇੱਥੇ, ਕੰਡਿਆਂ ਵਾਂਗਣ ਖਹਿਣਾ।

ਨਾ ਕੋਈ ਤੇਰਾ ਪਰਾਈਮ ਮਨਿਸਟਰ, ਨਾ ਕੋਈ ਤੇਰਾ ਪ੍ਰਧਾਨ ਹੈ।
ਤੇਰੇ ਇਕ ਇਸ਼ਾਰੇ ਉੱਤੇ, ਘੁਮਦਾ ਕੁਲ ਜਹਾਨ ਹੈ।

ਕਰ ਦੇ ਚਿੱਟਾ ਕਵੀਆਂ ਦਾ, ਤੂੰ ਲੇਖ ਜੁ ਲਿਖਿਆ ਕਾਲਾ।
ਚਿੱਟਾ ਕਾਲਾ ਜੋ ਤੂੰ ਕਰ ਦਏਂ, ਕੋਈ ਨਹੀਂ ਪੁੱਛਣ ਵਾਲਾ।

ਰੱਬ ਕਿਹਾ ਜੋ ਨਿਯਮ ਬਣ ਗਏ, ਮੈਂ ਉਹ ਤੋੜ ਨਹੀਂ ਸਕਦਾ।
ਸ਼ਾਇਰਾਂ ਦੀ ਜੋ ਟੁੱਟੀ ਹੈ ਕਿਸਮਤ, ਮੈਂ ਉਹ ਜੋੜ ਨਹੀਂ ਸਕਦਾ।

ਭਾਈਆ ਤੈਨੂੰ ਜੰਮਣਾ ਪੈਸੀ, ਮੇਰਾ ਹੁਕਮ ਅਟੱਲ ਹੈ।
ਸ਼ਾਇਰ ਤਾਂ ਰੋਂਦੇ ਪਿੱਟਦੇ ਰਹਿੰਦੇ, ਇਹਨਾਂ ਦੀ ਕਿਹੜੀ ਗੱਲ ਹੈ।

ਜੰਮਣ ਨੂੰ ਦਿਲ ਨਹੀਂ ਸੀ ਕਰਦਾ, ਪਰ ਹੈ ਸੀ ਮਜ਼ਬੂਰੀ।
ਔਖੇ ਸੌਖੇ ਜੰਮ ਪਏ ਅਸੀਂ, ਮਨ ਕੇ ਹੁਕਮ ਹਜ਼ੂਰੀ।

ਜੰਮਣ ਵੇਲੇ ਡਾਢੇ ਰੋਏ ਚੀਕੇ ਅਤੇ ਚਿਚਲਾਏ,
ਇਕਣ ਅਸੀਂ ਰੋਂਦੇ ਪਿੱਟਦੇ, ਦੁਨੀਆਂ ਅੰਦਰ ਆਏ।

ਭਾਈਆ ਸੀ ਮੁੜ ਗੱਭਰੂ ਬਣਿਆ, ਲਾ ਦਾੜ੍ਹੀ ’ਤੇ ਵਸਮਾ।
ਅੱਗੇ ਇਸ ਦੇ ਨੌਂ ਸਨ ਪੁੱਤਰ, ਮੈਂ ਵੀ ਆ ਗਿਆ ਦਸਵਾ।

ਕਿਸੇ ਪੁੱਤਰ ਦਾ ਝੱਗਾ ਪਾਟਾ, ਕਿਸੇ ਦਾ ਸੁੱਕਿਆ ਢਿੱਡ ਸੀ।
ਕਿਸੇ ਦੇ ਨੱਕ ’ਚ ਗੰਦਾ ਬਰੋਜ਼ਾ, ਕਿਸੇ ਦੀ ਅੱਖ ’ਚ ਗਿੱਡ ਸੀ।

ਗ਼ੁਰਬਤ ਦਾ ਸੀ ਹੈੱਡਕੁਆਟਰ, ਭਾਈਏ ਦਾ ਜੋ ਘਰ ਸੀ।
ਨਾ ਮੰਜੀ ਨਾ ਪੀੜ੍ਹੀ ਕੋਈ, ਨਾ ਕੋਈ ਮਾਲ ਤੇ ਜ਼ਰ ਸੀ।

ਜੰਮੇ ਵੀ ਪਰ ਨਾਲ ਨਖ਼ਰਿਆਂ, ਬਣ ਕੇ ਵੱਡੇ ਰਾਜੇ।
ਭਾਂਤ ਭਾਂਤ ਦੀਆਂ ਟਯੂਨਾਂ ਅੰਦਰ, ਵੱਜਦੇ ਸਨ ਪਏ ਵਾਜੇ।

ਮੱਖੀਆਂ ਮੱਛਰ ਭਿਣ ਭਿਣ ਕਰਕੇ, ਆਪਣਾ ਆਰਟ ਵਿਖਾਂਦੇ।
‘ਲੱਤਾ ਮੰਗਤੇਸ਼ੂਰ ਵਾਂਗਣ ਪਏ ਸਨ, ਫਿਲਮੀ ਗੀਤ ਉਹ ਗਾਂਦੇ।

ਮੇਰੀ ਖਾਤਰ ਸਭ ਨੇ ਖੋਹਲੇ, ਬੰਦ ਦਿਲਾਂ ਦੇ ਬੂਹੇ।
ਮੇਰਾ ਸਵਾਗਤ ਕਰਨ ਖੜੇ ਸਨ, ਪਿੱਸੂ, ਖਟਮਲ, ਚੂਹੇ।

ਦਾਈ ਸੀ ਜੋ ਰੱਜ ਕੇ ਸੋਹਣੀ, ਗੋਦ ਵਿਚ ਮੈਨੂੰ ਲੀਤਾ।
ਕੁੱਤਿਆਂ, ਕੁੱਕੜਾਂ, ਬਿਲਿਆਂ ਮੈਨੂੰ, ਗਾਰਡ ਆਫ ਆਨਰ ਦਿਤਾ।

ਮੈਂ ਕਿਹਾ ਉਏ ਭਾਈਆ ਮੇਰੇ ਧਨ ਹੈ ਤੇਰੀ ਜਵਾਨੀ।
ਪੁੱਤਰਾਂ ਦੀ ਕੋਈ ਪਲਟਨ ਪੂਰੀ, ਤੂੰ ਹੈ ਇੱਥੇ ਬਣਾਨੀ।

ਸੋਹਣਾ ਸਾਂ ਪਰ ਰੱਜ ਕੇ ਸੋਹਣਾ, ਅੱਖ ਮੇਰੀ ਮਸਤਾਨੀ।
ਮੱਝਾਂ ਚੁੱਕ ਚੁੱਕ ਬੂਥਾ ਵੇਖਣ ਡੁਲ੍ਹਦੀ ਮੇਰੀ ਜਵਾਨੀ।

ਦਾਹੜੀ ਉੱਤੇ ਫਿਕਸੋ ਥਪ ਕੇ, ਮੁੱਛਾਂ ਜਦਣ ਸਵਾਰਾਂ।
ਭੁੱਲ ਜਾਂਦੀਆਂ ਪਾਣੀ ਭਰਨਾ, ਖੂਹਾਂ ਤੇ ਮੁਟਿਆਰਾਂ।

ਮੈਂ ਸ਼ਾਇਰ ਤੇ ਭਾਈਆ ਬਨੀਆਂ, ਪਿਆ ਦੋਹਾਂ ਵਿਚ ਰੱਟਾ।
ਮੈਂ ਭਾਈਏ ਨੂੰ ਇੰਝ ਆ ਮਿਲਿਆ, ਜਿਵੇਂ ਘੜੇ ਨੂੰ ਵੱਟਾ।

ਅੱਗੇ ਸਾਂ ਮੈਂ ਭਰਿਆ ਪੀਤਾ, ਚਸ਼ਮੇ ਵਾਂਗਣ ਫੁਟਿਆ।
ਭਾਈਏ ਦਾ ਮਜ਼ਮੂਨ ਮੈਂ ਲੈ ਕੇ, ਰਗੜ ਭਾਈ ਨੂੰ ਸੁੱਟਿਆ।

ਜਿਕ ਸ਼ਾਇਰ ਫਿਰ ਆਸ਼ਿਕ ਉੱਤੋਂ, ਸੋਨੇ ਉੱਤੇ ਸੁਹਾਗਾ।
ਇਸ਼ਕ ਦੀ ਮੈਂ ਜ਼ੰਜੀਰ ਨੂੰ ਜਾਤਾ, ਕੱਚੀ ਤੰਦ ਦਾ ਧਾਗਾ।

ਸਿਰ ਦੁੱਖਾਂ ਦੇ ਪਰਬਤ ਢੱਠੇ, ਬਿਰਤੀ ਰਹੀ ਅਕਾਗਰ।
ਫਰਿਹਾਦ ਵਗਾਈ ਨਹਿਰ ਨਿੱਕੀ ਜਿਹੀ, ਅਸਾਂ ਵਗਾਏ ਸਾਗਰ।

ਦਿਨ ਦੁੱਖਾਂ ਦੇ ਇੰਝ ਗੁਜ਼ਾਰੇ, ਜਿਉਂ ਹੁੰਦੇ ਨੇ ਲਾੜੇ।
ਨਾ ਮੈਂ ਝੱਲੀ ਧੌਂਸ ਕਿਸੇ ਦੀ, ਨਾ ਮੈਂ ਤੱਪੜ ਝਾੜੇ।

ਪ੍ਰੇਮ ਵਿਚ ਗੁੰਦੇ ਸੁਖਨਾਂ ਦੇ, ਜਦ ਤੀਰ ਨਿਰਾਲੇ ਛੱਡੇ।
ਭਾਂਬੜ ਜਿਹੜੇ ਮਚਾਵਨ ਵਾਲੇ, ਜਾਂ ਅਰਮਾਨ ਮੈਂ ਕੱਢੇ।

ਅੰਬਰ ਤਰੇਲ ਦੇ ਰੂਪ ਵਿਚ ਹੋਇਆ, ਕਲੀਆਂ ਘੁੰਢ ਉਤਾਰੇ।
ਮਸਤੀ ਅੰਦਰ ਘੁੰਮਨ ਲੱਗੇ, ਸੂਰਜ ਚੰਨ ਸਿਤਾਰੇ।

ਮੈਂ ਖ਼ੁਦ ਦਾਰੀ ਐਸੀ ਦੱਸੀ, ਹੋਸ਼ ਇਸ਼ਕ ਨੂੰ ਭੁੱਲ ਗਈ।
ਰੱਬ ਸੁੱਤਾ ਸੀ ਤੀਜੀ ਕੋਠੀ, ਨੀਂਦਰ ਉਸ ਦੀ ਖੁੱਲ੍ਹ ਗਈ।

ਗ਼ੈਰਤ ਮੇਰੀ ਵੇਖ ਕੇ ਆਖ਼ਰ ਰਬ ਨੂੰ ਲੱਜਿਆ ਆਈ।
ਸਦ ਬੁਲਾਇਆ ਉਸ ਨੇ ਮੈਨੂੰ, ਭੇਜ ਉਚੇਚਾ ਨਾਈ।

ਮੈਂ ਵੀ ਅੱਗੋਂ ਆਕੜ ਖਲੋਤਾ, ਸ਼ਾਇਰ ਦੀ ਪੱਤ ਰੱਖ ਕੇ।
ਮੰਜੇ ਉਤੇ ਪੈ ਗਿਆ ਲੰਮਾ, ਲੱਤ ਉਤੇ ਲੱਤ ਰੱਖ ਕੇ।

ਮੈਂ ਸ਼ਾਇਰ ਹਾਂ ਗ਼ੈਰਤ ਵਾਲਾ, ਨਾਈਆਂ ਨਾਲ ਨਹੀਂ ਜਾਣਾ।
ਭੇਜ ਫਰਿਸ਼ਤੇ ਅਰਸਾਂ ਉਤੋਂ, ਜੇ ਹੈ ਮੈਨੂੰ ਬੁਲਾਣਾ।

ਹੂਰਾਂ ਅਤੇ ਫਰਿਸ਼ਤੇ ਆਏ, ਖੜੇ ਉਹ ਸੀਸ ਝੁਕਾ ਕੇ।
ਅਸੀਂ ਵੀ ਨਾਲ ਉਨ੍ਹਾਂ ਦੇ ਟੁਰ ਗਏ, ਟੁੱਟੇ ਛਿੱਤਰ ਪਾ ਕੇ।

ਜਾ ਰੱਬ ਅੱਗੇ ਹਾਜ਼ਰ ਹੋਏ, ਜਿਉਂ ਢੁੱਕਦਾ ਹੈ ਲਾੜ੍ਹਾ।
ਪਾਟੀ ਕੱਛ ਦੇ ਵਿਚੋਂ ਮੇਰਾ, ਲਮਕ ਰਿਹਾ ਸੀ ਨਾੜਾ।

ਕਾਰਟੂਨ ਜਿਹਾ ਵੇਖ ਕੇ ਮੈਨੂੰ, ਰੱਬ ਨੂੰ ਹਾਸਾ ਆਇਆ।
ਨਾਲ ਪਿਆਰ ਮੁਹੱਬਤ ਮੈਨੂੰ, ਘੁੱਟ ਕੇ ਛਾਤੀ ਲਾਇਆ।

ਮੈਂ ਸਦਕੇ ਮੈਂ ਵਾਰੀ ਕਵੀਆ, ਤੂੰ ਏਂ ਮੋਤੀ ਸੁੱਚਾ।
ਹਰ ਇਕ ਮਲਕ ਫਰਿਸ਼ਤੇ ਕੋਲੋਂ, ਤੇਰਾ ਦਰਜਾ ਉੱਚਾ।

ਮੈਂ ਤੇਰੇ ਤੋਂ ਤੁਠਾ ਕਵੀਆ, ਮੰਗ ਜੋ ਜੀਅ ਵਿਚ ਆਵੇ।
ਮੇਰੇ ਦਰ ਤੋਂ ਤੇਰਾ ਮੰਗਿਆ, ਅੱਜ ਖ਼ਾਲੀ ਨਾ ਜਾਵੇ।

ਮੈਂ ਕਿਹਾ ਮੈਂ ਨਹੀਂ ਹੁਣ ਜੰਮਣਾ, ਸਵੱਰਗਾਂ ਵਿਚ ਬਠਾ ਦੇ।
ਹੂਰਾਂ ਅਤੇ ਫਰਿਸ਼ਤਿਆਂ ਉਤੇ, ਨੰਬਰਦਾਰ ਬਣਾ ਦੇ।

ਨਾ 'ਈਸ਼ਰ' ਨੂੰ ਜ਼ਰ ਦੀ ਲੋੜ ਹੈ, ਨਾ ਮਸਜਦ ਨਾ ਮੰਦਰ।
ਸ਼ਾਇਰੀ ਮੇਰੀ ਜ਼ਿੰਦਾ ਰਹਿ ਜਾਏ, ਇਸ ਦੁਨੀਆਂ ਦੇ ਅੰਦਰ।

♣

# ਮਿਤਰਤਾਈ

ਇਕ ਚੂਹੇ ਇਕ ਡੱਡੂ, ਦੋਹਾਂ ਗੰਢ ਲਈ ਮਿਤਰਤਾਈ।
ਇਕ ਦੂਜੇ ਦੀ ਸਹਿ ਨਾ ਸਕਣ ਦੋਵੇਂ ਮਿਤਰ ਜੁਦਾਈ।

ਇਕ ਦੂਜੇ ਦੇ ਜਿਗਰੀ ਦੋਸਤ ਦੋਵੇਂ ਹੈ ਸਨ ਹਾਣੀ।
ਚੂਹਾ ਰਹਿੰਦਾ ਖੁਡ ਦੇ ਅੰਦਰ ਡੱਡੂ ਖੂਹ ਦੇ ਪਾਣੀ।

ਰੱਬ ਸਬੱਬ ਬਣਾਵੇ ਨਾ ਜੇ, ਕੀ ਕਰ ਸਕਦੈ ਕੋਈ।
ਕਈ ਦਿਨ ਦੋਹਾਂ ਦਾ ਮੇਲ ਨਾ ਹੋਇਆ ਰੱਬ ਦੀ ਕਰਨੀ ਹੋਈ।

ਡੱਡੂ ਹੋਂਦਾ ਪਾਣੀ ਦੇ ਵਿਚ ਚੂਹਾ ਜ਼ਾਹਿਰ ਹੋਂਦਾ।
ਚੂਹਾ ਹੋਂਦਾ ਖੁਡ ਦੇ ਅੰਦਰ ਡੱਡੂ ਬਾਹਰ ਹੋਂਦਾ।

ਰੱਬ ਸਬੱਬੀ ਇਕ ਦੂਜੇ ਦੇ ਦੋਵੇਂ ਸਾਹਵੇਂ ਹੋਏ।
ਪਾ ਕੇ ਇਕ ਗਲਵਕੜੀ ਦੋਵੇਂ ਪਿਆਰ ਡਾਢੇ ਵਿਚ ਰੋਏ।

ਡੱਡੂ ਕਿਹਾ ਤੇਰੇ ਬ੍ਰਿਹੋਂ ਵਿਚ ਹੋਇਆ ਤੋਰੀ ਵਾਂਗਨ ਪੀਲਾ।
ਚੂਹੇ ਕਿਹਾ ਤੇਰੇ ਹਿਜਰ ਦੇ ਅੰਦਰ ਸੁੱਕ ਸੁੱਕ ਹੋਇਆਂ ਤੀਲਾ।

ਇਸ਼ਕ ਦੀ ਮਰਜ਼ ਬੁਰੀ ਹੈ ਰੱਬਾ ਮੱਥੀ ਜਿਉਂ ਤੜਫ਼ਾਵੇ।
ਸੀਉਂਕ ਜਿਵੇਂ ਲੱਕੜ ਨੂੰ ਖਾਂਦੀ ਇਹ ਹੱਡਾਂ ਨੂੰ ਖਾਵੇ।

ਜਦ ਤੂੰ ਤਾਨ ਅਲਾਪੇਂ, ਮਿਤਰਾ ਜੀਭ ਤੇਰੀ ਹੈ ਖੁਲ੍ਹਦੀ।
ਬਿਨ ਪੀਤੇ ਮੈਨੂੰ ਮਸਤੀ ਚੜ੍ਹਦੀ ਦੁਨੀਆਂ ਮੈਨੂੰ ਭੁਲਦੀ।

ਇਹ ਜਰਿਆ ਨਾ ਜਾਏ ਵਿਛੋੜਾ ਬਣਤਰ ਕੋਈ ਬਣਾਈਏ।
ਜਦ ਮਿਲਣੇ ਦੀ ਇਛਿਆ ਹੋਵੇ ਝਟਪਟ ਹੀ ਮਿਲ ਜਾਈਏ।

ਮੇਰੇ ਇਸ ਵਿਛੋੜੇ ਅੰਦਰ ਕਦਣ ਤੀਕਣ ਤੂੰ ਰੋਸੇਂ।
ਮੈਂ ਇਕ ਕਾਢ ਕਢੀ ਹੈ ਮਿਤਰਾ ਸੁਣਸੇਂ ਤਾਂ ਖ਼ੁਸ਼ ਹੋਸੇਂ।

ਪੰਜ ਗਜ਼ ਦੀ ਮੈਂ ਰੱਸੀ ਲੈ ਆਵਾਂ ਲਾਵਾਂ ਜ਼ਰਾ ਨਾ ਦੇਰੀ।
ਇਕ ਸਿਰਾ ਮੈਂ ਲੱਕ ਨਾਲ ਬੰਨ੍ਹਾਂ ਦੂਜਾ ਲੱਤ ਨਾਲ ਤੇਰੀ।

ਤੂੰ ਹੀ ਦੱਸ ਵਿਛੋੜੇ ਦਾ ਫਿਰ ਕਾਹਨੂੰ ਦੁਖੜਾ ਸਹੀਏ।
ਜਦ ਮਿਲਣ ਦੀ ਇਛਿਆ ਹੋਵੇ ਰੱਸੀ ਨੂੰ ਖਿੱਚ ਲਈਏ।

ਕਾਢ ਚੂਹੇ ਦੀ ਨਵੀਂ ਇਹ ਸੁਣਕੇ ਡੱਡੂ ਖਿੜ ਖਿੜ ਹੱਸਿਆ।
ਵਾਹ ਉਏ ਮਿਤਰਾ ਸਦਕੇ ਜਾਵਾਂ ਕਿਹਾ ਨੁਸਖਾ ਤੂੰ ਦੱਸਿਆ।

ਇਕ ਦਿਨ ਕਿਸੇ ਦੇ ਘਰ 'ਚੋਂ ਰੱਸੀ ਚੂਹਾ ਖਿੱਚ ਲੈ ਆਇਆ।
ਜੀ ਕੀਤਾ ਇਕਰਾਰ ਸੀ ਉਸ ਨੇ ਉਸ 'ਤੇ ਫੁੱਲ ਚੜ੍ਹਾਇਆ।

ਇਕ ਦਿਨ ਦੋਇ ਇਕੱਠੇ ਬੈਠੇ ਦੁਖ ਸੁਖ ਫੋਲ ਰਹੇ ਸਨ।
ਇਕ ਦੂਜੇ ਦੇ ਉੱਤੋਂ ਦੋਵੇਂ ਜਿੰਦੜੀ ਘੋਲ ਰਹੇ ਸਨ।

ਇਲ ਇਕ ਉੱਤੋਂ ਵੇਖ ਰਹੀ ਸੀ, ਵਾਂਗ ਬਗੋਲੇ ਆਈ।
ਚੂਹੇ ਦੀ ਫੜ ਗਿੱਚੀ ਉਸਨੇ ਉਤ੍ਹਾਂ ਉਡਾਰੀ ਲਾਈ।

ਚੂਹਾ ਇਲ ਦੇ ਪੰਜੇ ਫ਼ਸਿਆ ਡਾਢਾ ਭਟਕ ਰਿਹਾ ਸੀ।
ਨਾਲ ਰੱਸੀ ਦੇ ਬੱਧਾ ਹੋਇਆ ਡੱਡੂ ਲਟਕ ਰਿਹਾ ਸੀ।

ਮੂੰਹ ਅੱਡ ਕੇ ਫਰਿਆਦਾਂ ਕਰਦਾ ਡੱਡੂ ਪਿਆ ਵਿਚਾਰਾ।
ਕਾਵਾਂ ਨੇ ਖਿੱਚ ਕਿਲੀ ਮਾਰੀ ਵੇਖ ਇਹ ਅਜਬ ਨਜ਼ਾਰਾ।

ਇਕ ਨੇ ਪੁਛਿਆ ਦੱਸ ਉਏ ਡੱਡੂਆ ਕਿਉਂ ਕਰਨਾ ਏਂ ਜ਼ਾਰੀ।
ਡੱਡੂ ਕਿਹਾ ਕਿ ਨਿਕਲ ਰਹੀ ਹੈ ਅਸਾਂ ਦੋਹਾਂ ਦੀ ਯਾਰੀ।

ਸਿੱਟਾ ਇਹ ਹੈ ਕਿ ਨਾਲ ਕਿਸੇ ਦੇ ਸੋਚ ਕੇ ਯਾਰੀ ਲਾਉ।
ਮਲ ਮਲ ਕੇ ਹੱਥ ਪਿੱਛੋਂ 'ਈਸ਼ਰ' ਐਵੇਂ ਨ ਪਛਤਾਉ।

♣

# ਭਾਈਦੇ ਦਾ ਮਰਨਾ

ਵੱਡੀ ਨੂੰਹ ਮੇਰੀ ਛੱਡ ਕੇ ਵਿਚ ਚੌਂਕੇ ਆਈ,
ਅੰਦਰੋਂ ਕੁੰਡੀ ਮਾਰ ਕੇ ਉਸ ਚੂਲ ਤਪਾਈ।
ਪੰਜ ਪਰਾਠੇ ਰੱਗੜ ਗਈ ਵਿਚ ਘਿਓ ਦੇ ਗੁੰਨ ਕੇ,
ਮੇਰੀ ਸਰ੍ਹਾਂਦੀ ਆ ਗਈ ਫਿਰ ਗੋਗੜ ਤੁੰਨ ਕੇ।

ਦੂਜੀ ਨੂੰਹ ਨੇ ਕੀ ਦੱਸਾਂ ਉਸ ਹੱਦ ਕਰ ਦੱਸੀ,
ਜੇਭੇ ਵਿਚ ਦੋ ਨੋਟ ਸਨ ਝੱਟ ਲੈ ਕੇ ਨੱਸੀ।

ਮੈਂ ਇਕੱਲਾ ਪਿਆ ਸਾਂ ਕੁਝ ਹੋ ਗਈ ਦੇਰੀ,
ਤਾੜ ਕੇ ਵੇਲਾ ਆ ਗਈ ਨੂੰਹ ਤੀਜੀ ਮੇਰੀ।

ਕਈ ਦੁੜਾਏ ਉਸ ਨੇ ਅਕਲਾਂ ਦੇ ਘੋੜੇ,
ਲਾਹਣ ਲੱਗੀ ਉਹ ਛਾਪ ਮੇਰੀ ਦੇ ਦੇ ਮਕਰੋੜੇ।

ਮੁਰਦਾ ਮੈਨੂੰ ਜਾਣ ਕੇ ਮੇਰੇ ਖਹਿੜੇ ਪੈ ਗਈ,
ਉਂਗਲੀ ਮੇਰੀ ਤੋੜ ਕੇ ਝੱਟ ਮੁੰਦਰੀ ਲੈ ਗਈ।

ਤੜਕ ਸਾਰ ਹੀ ਆ ਗਈਆਂ ਕਈ ਬੁੱਢਆਂ ਨੱਢੀਆਂ,
ਪਿੱਟ ਪਿੱਟ ਜਿਨ੍ਹਾਂ ਨੇ ਹਸਰਤਾਂ ਸਭ ਦਿਲ ਦੀਆਂ ਕੱਢੀਆਂ।

ਪਾ ਪਾ ਲੰਮੇ ਵੈਣ ਕਹਿੰਦੀਆਂ ਹਾਏ ਹਾਏ ਸ਼ੇਰਾ,
ਰੋਵਣ ਆਪਣੇ ਘਰਾਂ ਨੂੰ ਨਾਂ ਲੈ ਕੇ ਮੇਰਾ।

ਕੋਈ ਰੋਂਦੀ ਸੀ ਜ਼ੋਰ ਦੀ ਕੋਈ ਹੌਲੇ ਹੌਲੇ,
ਛਾਤੀ ਤੇ ਹੱਥ ਮਾਰਦੀ ਕੋਈ ਪੋਲੇ ਪੋਲੇ।

ਕੋਈ ਅੜਾਂਗੇ ਇਸ ਤਰ੍ਹਾਂ ਜਿਉਂ ਅੜਾਂਗਣ ਗਾਂਵਾਂ,
ਕਿਸੇ ਦੀ ਸੁਰ ਸੀ ਗ਼ਜ਼ਬ ਦੀ ਮੈਂ ਸਦਕੇ ਜਾਵਾਂ।

ਮਲਕੜੇ ਹੀ ਆ ਬੈਠੀ ਇਕ ਹੋਰ ਜ਼ਨਾਨੀ,
ਲੱਗ ਪਈ ਕਰਕੇ ਵੈਣ, ਉਹ ਖਸਮਾਂ ਨੂੰ ਖਾਣੀ।

ਆਖੇ ਕਿੱਥੇ ਟੁਰ ਗਿਉਂ ਹਾਏ ਬੁੱਢਿਆ ਬਾਬਾ,
ਜੀਂਦਾ ਹੁੰਦਾ ਆਖਦਾ ਉਹਨੂੰ ਦੇ ਕੇ ਦਾਬਾ।

ਇੰਞ ਨਾ ਬਕ ਤੂੰ ਭੈੜੀਏ ਨਾ ਢੋ ਹਨੇਰਾ,
ਬਾਬਾ ਮੈਨੂੰ ਆਖ ਕੇ ਦਿਲ ਢਾਹ ਨਾ ਮੇਰਾ।

ਉਮਰੋਂ ਬੁੱਢਾ ਹੋਵਾਂਗਾ ਦਿਲ ਅਜੇ ਜਵਾਨ ਹੈ,
ਇਸ਼ਕ ਮੇਰੇ ਨੂੰ ਅਜੇ ਵੀ ਮੇਰੇ ’ਤੇ ਮਾਨ ਹੈ।

ਬਾਹਰੋਂ ਜਿਹੜਾ ਆਂਵਦਾ ਪਰਚਾਨਵੀ ਕਰਦਾ,
ਮੂੰਹ ਬਣਾ ਕੇ ਮੀਸਣਾ ਇਉਂ ਆਹਾਂ ਭਰਦਾ।

ਨਾ ਰੋ ਬੇਬੇ ਸਬਰ ਕਰ ਹੈ ਸਭ ਨੇ ਚਲਨਾ,
ਭਾਣਾ ਹੈ ਸਭ ਰੱਬ ਦਾ ਹੈ ਕਿਸ ਨੇ ਵਲਨਾ।

ਵਰਜਨ ਲੋਕੀਂ ਵੈਣ ਬੇਬੇ ਵਧ ਪਾਈ ਜਾਵੇ,
ਨੱਕ ਸਣੀਕ ਸਣੀਕ ਕੇ ਢੇਰ ਲਾਈ ਜਾਵੇ।

ਪੁੱਤਰ ਪੁੱਛਣ ਮਾਂ ਤੋਂ ਕੁਝ ਰੱਖੀ ਰਖਾਈ,
ਮਾਂ ਕਿਹਾ ਹਾਂ ਛੱਡ ਗਿਆ ਕੁਝ ਭਸ ਤੇ ਛਾਈ।

ਸ਼ਾਇਰ ਸੀ ਨਾ ਸਨ ਉਹਨੂੰ ਕੋਈ ਲੀਹੇ ਲ੍ਹਾਂਝੇ।
ਕਵਿਤਾ ਲਿਖ ਲਿਖ ਛੱਡ ਗਿਐ ਕੁਝ ਹੀਰ ਤੇ ਰਾਂਝੇ।

ਖੱਫਣ ਵਿਚ ਲਪੇਟ ਕੇ ਮੇਰੀ ਹੋਈ ਤਿਆਰੀ,
ਚਾਰ ਜਣੇ ਦੇ ਮੋਢਿਆਂ ਤੇ ਟੁਰੀ ਸਵਾਰੀ।

ਮੂੰਹ ਮੇਰੇ ’ਚੋਂ ਨਿਕਲ ਰਿਹਾ ਸੀ ਇਉਂ ਆਵਾਜ਼ਾ,
ਧੂਮ ਸੇ ਨਿਕਲੇ ਆਸ਼ਕਾਂ ਦਾ ਜ਼ਰਾ ਜਨਾਜ਼ਾ।

ਲਏ ਸਨ ਹੂਟੇ ਮਾਂ ਦੀ ਗੋਦੀ ਵਿਚ ਵੜ ਕੇ,
ਜਾਂ ਹੁਣ ਹੂਟੇ ਲੈ ਰਿਹਾਂ ਤਖਤੇ ’ਤੇ ਚੜ੍ਹ ਕੇ।

ਬੱਧਾ ਤਖਤੇ ਨਾਲ ਸਾਂ ਮੈਂ ਚੰਗਾ ਘੁੱਟ ਕੇ,
ਮਾਰ ਸੁੱਟੀ ਜੋਹ ਭਾਈ ਹੋਰਾਂ ਨੇ ਛੈਣੇ ਕੁੱਟ ਕੇ।

ਨਾਲ ਢੋਲਕੀ ਸ਼ੁਰੂ ਹੋਏ ਫਿਰ ਸ਼ਬਦ ਗੁਰਾਂ ਦੇ,
ਕਾਢੋ ਕਾਢੋ ਹੋਣ ਲੱਗੀ ਫਿਰ ਨਾਲ ਸੁਰਾਂ ਦੇ।

ਚੇਤੇ ਮੈਨੂੰ ਆ ਗਿਆ ਉਹ ਸ਼ੁਭ ਦਿਹਾੜਾ,
ਢੁੱਕਿਆ ਸਾਂ ਜਦ ਨਾਲ ਸੇਹਰੇ ਦੇ ਬੰਨ੍ਹ ਕੇ ਲਾੜਾ।

ਸਹੁਰੇ ਘਰ ਵਿਚ ਹੋਂਦੀਆਂ ਸਨ ਕਦੀ ਉਡੀਕਾਂ,
ਟੁਰਦਾ ਸਾਂ ਤਾਂ ਨਿਕਲ ਜਾਣ ਵਹੁਟੀ ਦੀਆਂ ਚੀਕਾਂ।

ਹੁਣ ਮੇਰੇ ਅਰਮਾਨ ਸੁੱਕੇ ਸਨ ਇਉਂ ਮੁਰਝਾ ਕੇ,
ਮਸਲ ਜਾਣ ਵਿਚ ਪੈਰ ਦੇ ਜੋਂ ਫੁਲ ਕੁਮਲਾ ਕੇ।

ਨਾਲ ਨਰੜੌਏ ਜਾ ਰਹੇ ਸਨ ਜਿਹੜੇ ਪਰਾਨੀ,
ਉਸ ਵੇਲੇ ਸਭ ਦਿਸ ਰਹੇ ਸਨ ਬ੍ਰਹਮ ਗਿਆਨੀ।

ਬੂਹੇ ਵੈਰ ਵਿਰੋਧ ਦੇ ਸਨ ਸਭ ਦੇ ਢੋਏ,
ਟੁਰਦੇ ਜਾਪਣ ਇਸ ਤਰ੍ਹਾਂ ਜਿਉਂ ਮਾਂ ਪਿਉ ਮੋਏ।

ਆਖਰ ਹੇਠਾਂ ਲਾਈ ਗਈ ਫਿਰ ਮੇਰੀ ਸਵਾਰੀ,
ਝੂਠ ਮੂਠ ਦੀ ਪੁੱਤਰਾਂ ਨੇ ਢਾਹ ਇਕ ਮਾਰੀ।

ਭਾਈ ਹੁਰਾਂ ਨੇ ਫਿਰ ਕੀਤਾ ਲੰਮਾ ਅਰਦਾਸਾ,
ਹੋਵੇ ਗੁਰਾਂ ਦੇ ਚਰਨ ਵਿਚ ਪਰਾਨੀ ਦਾ ਵਾਸਾ।

ਇਕ ਮੇਰਾ ਸੀ ਮਿੱਤਰ ਜਿਹੜਾ ਸੀ ਜਾਨ ਤੋਂ ਪਿਆਰਾ,
ਦੋ ਸੌ ਦਿਤਾ ਉਹਨੂੰ ਸੀ ਬਿਨ ਲਿਖਤ ਹੁਦਾਰਾ।

ਆਖਣ ਲੱਗਾ ਮੌਤ ਇਹਨੂੰ ਕਰ ਗਈ ਹੈ ਨੱਥੀ,
ਇਹ ਵੀ ਇਕ ਬਲਾ ਸੀ ਜੋ ਮਗਰੋਂ ਲੱਥੀ।

ਦਸ ਦਿਨ ਮਗਰੋਂ ਉਹਨਾਂ ਨੇ ਮੇਰਾ ਭੋਗ ਪੁਵਾਇਆ,
ਲੱਲੂ ਪੰਜੂ ਨੇੜ ਤੇੜ ਸਭ ਢੁੱਕ ਕੇ ਆਇਆ।

ਮੁੱਕਦੀ ਗੱਲ ਕਿ ਹਰ ਜਗ੍ਹਾ ਸਨ ਹਲਵੇ ਮਾਂਡੇ,
ਛਿੱਲ ਲਾਹੀ ਕੁਝ ਭਾਈਆਂ ਕੁਝ ਟੱਕਰੇ ਪਾਂਡੇ।

ਦਿਲ ਵਿਚ ਆਖਾਂ ਜਗ ਹੈ ਇਕ ਗੋਰਖ ਧੰਦਾ,
ਵਿਚ ਹਨੇਰੇ ਭਟਕ ਰਿਹੈ ਪਾਪੀ ਮਨ ਮੰਦਾ।

ਪਾਪਾ ਕਮਾਏ ਜਿਨ੍ਹਾਂ ਲਈ ਸਭ ਬਣੇ ਬੇਗਾਨੇ,
ਬੰਦੇ ਨੇ ਸਭ ਗਰਜ਼ ਦੇ ਝੂਠੇ ਯਾਰਾਨੇ।

ਅੱਗੇ ਜਾ ਕੇ ਪੁੱਜਿਆ ਸੀ ਅਜਬ ਨਾਜ਼ਾਰਾ,
ਸੁੱਤਾ ਹੋਇਆ ਜਾਗ ਪਿਆ ਮੇਰਾ ਇਸ਼ਕ ਕੰਵਾਰਾ।

ਮੇਰੇ ਸਵਾਗਤ ਦੇ ਲਈ ਰਬ ਆਪੂੰ ਆਇਆ,
ਮੇਰੀ ਹਜ਼ੂਰੀ ਹਰ ਫ਼ਰਿਸਤੇ ਸੀਸ ਝੁਕਾਇਆ।

ਪੂਰਾ ਸੀ ਪ੍ਰਬੰਧ ਉੱਥੇ ਨਾ ਸੀ ਕੋਈ ਖ਼ਾਮੀ,
ਇਕ ਸੌ ਇਕ ਮੈਨੂੰ ਤੋਪ ਦੀ ਦਿੱਤੀ ਗਈ ਸਲਾਮੀ।

ਵਿਛੀਆਂ ਹੈ ਸਨ ਮਖਮਲੀ ਥਾਂ ਥਾਂ ਤੇ ਦਰੀਆਂ,

ਨਾਚ ਕਰਨ ਨੂੰ ਆ ਗਈਆਂ ਨਾਜ਼ਕ ਜਿਹੀਆਂ ਪਰੀਆਂ।

ਰੱਬ ਕਿਹਾ ਇਹ ਕਵੀ ਹੈ ਜਿਸ ’ਤੇ ਮੈਨੂੰ ਨਾਜ਼ ਹੈ,
ਕਵਿਤਾ ਦੇ ਵਿਚ ਛੁਪਿਆ ਕੁਦਰਤ ਦਾ ਰਾਜ ਏ।

ਕਵਿਤਾ ਮੈਨੂੰ ਜਗ ਵਿਚ ਹੈ ਸਭ ਤੋਂ ਪਿਆਰੀ,
ਕਵਿਤਾ ਦੇ ਬਲ ਖੜੀ ਹੈ ਮੇਰੀ ਸ੍ਰਿਸ਼ਟੀ ਸਾਰੀ।

ਪਾਪੀ ਹੈ ਅਪਰਾਧੀ ਹੈ, ਹੈ ਮਾਨ ਦਾ ਪਾਤਰ,
ਸਵਰਗ ਦੇ ਬੂਹੇ ਖੋਲ੍ਹ ਦਿਉ ਮੇਰੇ ‘ਭਾਈਏ’ ਖ਼ਾਤਰ,

ਚੁੱਪ ਚੁਪੀਤੇ ਵੜ ਗਿਆ ਮੈਂ ਸਵਰਗ ਦੇ ਅੰਦਰ,
ਉੱਥੇ ਵੇਖੇ ਰੰਗ ਰੰਗ ਦੇ ਮਹਿਲ ਤੇ ਮੰਦਰ।

ਦੁਧ ਦੀ ਉੱਥੇ ਬਣ ਰਹੀ ਸੀ ਨਹਿਰ ਲੰਮੇਰੀ,
ਕਰਦੀ ਪਈ ਉਡੀਕ ਸੀ ਇਕ ਖਲਕਿਤ ਮੇਰੀ।

ਮੈਂ ਉੱਥੇ ਉਸ ਨਹਿਰ ਦਾ ਉਦਘਾਟਨ ਕੀਤਾ,
ਨਹਿਰ ਦੇ ਵਿਚੋਂ ਦੁਧ ਦਾ ਬੁੱਕ ਭਰਕੇ ਪੀਤਾ।

ਉਥੇ ਬੁੱਢੀ ਪਰੀ ਸੀ ਖ਼ੁਸ਼ ਰੂਹ ਘਨੇਰੇ,
ਨਾਲ ਉਸਦੇ ਹੋ ਗਏ ਮੇਰੇ ਲਾਵਾਂ ਫੇਰੇ।

ਇਨਸਾਨ ਫਾਨੀ ਨੂੰ ਵੇਖ ਕੇ ਅਸੀਂ ਹੱਸ ਰਹੇ ਹਾਂ,
ਪ੍ਰੇਮ ਦੀ ਨਗਰੀ ਵਿਚ ਦੋਵੇਂ ਅਸੀਂ ਵੱਸ ਰਹੇ ਹਾਂ।

♣

# ਸਾਵਣ

**ਕਵੀ ਸਾਵਣ ਦੀਆਂ ਝੜੀਆਂ ਦੇ ਸਦਾ ਗੁਣ ਗਾਦਾ ਹੈ, ਤੇ ਕਾਲੀ ਘਟਾ ਨੂੰ ਚੜ੍ਹਿਆ ਵੇਖਕੇ ਪੀਣ ਦੇ ਸੁਪਨੇ ਲੈਣ ਲੱਗ ਪੈਂਦਾ ਹੈ। ਪਰ ਇਹ ਸਤਰਾਂ ਵਿਰੋਧੀ ਬੈਂਚਾਂ ਤੇ ਬੈਠਕੇ ਸਾਵਣ ਦੀ ਦੂਜੀ ਤਸਵੀਰ ਪੇਸ਼ ਕਰਨ ਲਈ ਲਿਖੀਆਂ ਗਈਆਂ ਹਨ।**

ਆਏ ਮਾਰਦੇ ਸਾਵਣ ਸਿੰਘ ਹੋਰੀਂ ਛਾਲਾਂ,
ਤਰੱਕ ਗਏ ਆਟੇ ਤੇ ਮੁਸ੍ਹ ਗਈਆਂ ਦਾਲਾਂ।
ਇਉਂ ਵਗਦੇ ਮੁੜ੍ਹਕੇ ਜਿਉਂ ਮੂੰਹ ਵਿਚੋਂ ਰਾਲਾਂ।
ਖੁਰਕ ਖੁਰਕ ਪਿੰਡੇ ਧੱਫੜ ਪਾਏ ਬਾਲਾਂ।

ਪਿਸੂਆਂ ਤੇ ਮੱਛਰਾਂ ਨੇ ਇਉਂ ਭੂਹੜੀ ਪਾਈ,
ਵਾਰੰਟ ਲੈ ਕੇ ਆਵੇ ਜਿਉਂ ਪੁਲਸ ਦਾ ਸਿਪਾਹੀ।

ਇਹ ਆਇਆ ਤਾਂ ਬਦਲਾਂ ਨੇ ਛੱਡੇ ਨੇ ਗੋਲੇ,
ਲੱਥੇ ਪਦਭੈੜੇ ਤੇ ਖ਼ੁਮਾਂ ਦੇ ਡੋਲੇ।
ਪੁਰਾਣੇ ਲਾਹੇ ਬੂਟਿਆਂ ਤੰਬੇ ਤੇ ਚੋਲੇ,
ਗਾਏ ਬੀਂਡਿਆਂ ਨੇ ਰੰਗ ਰੰਗ ਦੇ ਸੋਹਲੇ।

ਚੱਕ ਮਾਰ ਮੱਛਰਾਂ ਨੇ ਸੁੱਤੇ ਜਗਾਏ,
ਸੰਘ ਪਾੜ ਡੱਡੂਆਂ ਨੇ ਦੁੱਖੜੇ ਸੁਣਾਏ।

ਸਾਵਣ ਨੇ ਮੁੱਛਾਂ ਨੂੰ ਜਦ ਵਟ ਚਾਹੜੇ,
ਇਕ ਦਮ ਖੁਲ੍ਹ ਗਏ ਬਦਲਾਂ ਦੇ ਨਾੜੇ।
ਕੱਚੇ ਕੋਠਿਆਂ ਦੇ ਨਿਕਲ ਗਏ ਝਾੜੇ,
ਪਿੰਡਾਂ ਗਿਰਾਵਾਂ ਵਿਚ ਪੈ ਗਏ ਪਵਾੜੇ।

ਜਿਧਰ ਵੇਖੋ ਹੋਂਦੀ ਪਈ ਹੈ ਖ਼ਰਾਬੀ,
ਦਰਿਆ ਨਦੀ ਨਾਲੇ ਬਣ ਗਏ ਸ਼ਰਾਬੀ।

ਮਹੀਨੇ ਵਿਚ ਸਾਵਣ ਕਈ ਰੰਗ ਵਿਖਾਨੈਂ,
ਕਦੀ ਬਦਲਾਂ ਤੋਂ ਲੈਫਟ ਰਾਈਟ ਕਰਾਨੈਂ।
ਕਦੀ ਤੋਪਾਂ ਛੱਡ ਕੇ ’ਤੇ ਲੋਕਾਂ ਨੂੰ ਡਰਾਨੈਂ,
ਕਦੀ ਬਣਕੇ ਤੂਫ਼ਾਨ ਮਿੱਟੀ ਉਡਾਨੈਂ।

ਕਦੀ ਪਵਨ ਕਰਦੀ ਹੈ ਇਉਂ ਹਿਚਕੀ ਖਾ ਕੇ,
ਜੋ ਬੰਨ੍ਹ ਲਈਏ ਮੁਲਜ਼ਿਮ ਨੂੰ ਹਥਕੜੀ ਲਾ ਕੇ।

ਸਾਵਣ ਨੇ ਕਈ ਆ ਕੇ ਉਜਾੜੇ ਵਸਾਏ,
ਕਈਆਂ ਦੇ ਇਸ ਆ ਕੇ ਭੱਠੇ ਬਿਠਾਏ।
ਕਈ ਯਾਰ ਵਿਛੜੇ ਹੋਏ ਇਸ ਮਿਲਾਏ।
ਕਈਆਂ ਬੁਲ੍ਹਾਂ ਨਾਲ ਇਸ ਸਾਗਰ ਛੁਹਾਏ।

ਅਸੀਂ ਇਕ ਰਹਿ ਗਏ ਹਾਂ ਕਿਸਮਤ ਦੇ ਮਾਰੇ,
ਨਾ ਰੰਡੇ ਰਹੇ ਹਾਂ ਨਾ ਰਹੇ ਹਾਂ ਕੰਵਾਰੇ।

ਕਿਣ ਮਿਣ ਸਾਵਣ ਦੀ ਫ਼ੁਹਾਰ ਤੱਕ ਕੇ,
ਪਿੰਡਾਂ ਵਿਚ ਤਰਿੰਝਨਾਂ ਦੀ ਘੂੰਘਾਰ ਤੱਕ ਕੇ।
ਝੂਜਦੀ ਹੋਈ ਪੀਂਘਾਂ ਤੇ ਮੁਟਿਆਰ ਤੱਕ ਕੇ,
ਨਹਾਤੇ ਧੋਤੇ ਬੂਟੇ ਸਬਜ਼ਾ-ਜ਼ਾਰ ਤੱਕ ਕੇ।

ਬੁਢਿਆ ਦੇ ਬੁਲ੍ਹਾਂ ਤੇ ਇਹੋ ਹੀ ਪੁਕਾਰ ਹੈ,
ਆ ਜਾ ਮੇਰੇ ਬਾਲਮ ਤੇਰਾ ਇੰਤਜ਼ਾਰ ਹੈ।

ਵਹੁਟੀ ਮੇਰੀ ਬਦਬਖ਼ਤ ਕਿਸਮਤ ਦੀ ਮਾਰੀ,
ਵਿਹਲੀ ਹੋ ਕੇ ਚੌਂਕੇ ਤੋਂ ਉਠੀ ਵਿਚਾਰੀ।
ਕੰਮਾਂ ਵਿਚ ਰੁਝੀ ਥੱਕੀ ਟੁੱਟੀ ਹਾਰੀ,
ਮੰਜਾ ਉਸ ਡਾਹ ਕੇ ਜਦ ਲਤ ਹੀ ਪਸਾਰੀ।

ਸਾਵਣ ਸਿੰਘ ਹੋਰਾਂ ਨੇ ਕੱਢਿਆ ਕੜਾਕਾ,
ਮੈਂ ਚੁੱਕ ਲਈ ਕਾਕੀ ਤੇ ਵਹੁਟੀ ਨੇ ਕਾਕਾ।

ਹੱਥਾਂ ਵਿਚ ਮੰਜੀ ਅਤੇ ਸਿਰ ਉੱਤੇ ਫੂਹੜੀ,
ਇਹੋ ਹੈ ਸੀ ਘਰ ਵਿਚ ਗਰੀਬਾਂ ਦੀ ਮੂੜੀ।
ਇਕ ਗੁੱਠ ਬਹਿ ਗਏ ਚੂੜੀ ਮਚੂੜੀ,
ਛੱਤ ਉਤੋਂ ਹੀਂਗੇ ਜਿਵੇਂ ਖੋਤੀ ਬੂੜੀ।

ਬਾਬਾ ਗੱਜੂ ਆਇਆ ਰੌਵਣ ਨਿਆਣੇ,
ਚੁਪ ਵੀ ਨਾ ਕਰਦੇ ਸੀ ਖਮਾਂ ਨੂੰ ਖਾਣੇ।

ਸਿਆਹ ਕਾਲੇ ਬਦਲਾਂ ਇਉਂ ਕੁੰਡਲ ਮਾਰੇ,

ਜਿਉਂ ਅਲ੍ਹੜ ਕੁੜੀ ਵਾਲ ਆਪਣੇ ਖਿਲਾਰੇ।
ਇਉਂ ਡਾਲ੍ਹੀਆਂ ਪੈਰ ਪੈਰ ਆਪਣੇ ਪਸਾਰੇ,
ਜਿਉਂ ਮੁਟਿਆਰ ਦੇ ਪੈਰ ਹੋ ਜਾਣ ਭਾਰੇ।

ਸੂਹੀ ਸਾੜ੍ਹੀ ਬੰਨ੍ਹ ਨਿਕਲੀ ਇਉਂ ਬੀਰ ਵਹੁਟੀ,
ਜਿਉਂ ਨਿਕਲੇ ਨਵੀਂ ਕਾਰ ’ਚੋਂ ਨਵੀਂ ਵਹੁਟੀ।

ਸਾਵਣ ਗਿਆ ਬਦਲ ਉਡੇ ਕਿ ਉਡੇ,
ਨਾ ਪੇਚੇ ਰਹੇ ਨਾ ਉਹ ਮੁੰਡਿਆਂ ਦੇ ਗੁੱਡੇ।
ਸੱਪ ਠੂਹੇਂ ਵੜ ਗਏ ਵਿਚ ਜਾ ਕੇ ਖੁਡੇਂ,
ਤਰਿੰਝਨ ਗਏ, ਗਏ ਚਰਖੇ ਦੇ ਮੁੱਢੇ।

ਖੁਰਕ ਹੋਰਾਂ ਦੇ ਹੁਣ ਮਰ ਗਏ ਨੇ ਮਾਪੇ,
ਫਿਨਸੀ ਫੋੜਿਆਂ ਘਰ ਪੈ ਗਏ ਸਿਆਪੇ।

ਇਕ ਦਿਨ ਘਟਾਂ ਕਾਲੀਆਂ ਬਣਕੇ ਆਈਆਂ,
ਠੱਡੇ ਦੀ ਬੋਤਲ ਨੇ ਲਈਆਂ ਅੰਗੜਾਈਆਂ।
ਸਰਕਾਰਾਂ ਦਿਲ ਦੀਆਂ ਅਸਾਂ ਨੇ ਬਲਾਈਆਂ,
ਜਾਂ ਆਈਆਂ ਤਾਂ ਬੱਦਲ ਹੋਏ ਛਾਈਆਂ ਮਾਈਆਂ।

ਲੱਗੇ ਕਹਿਣ ਮੈਨੂੰ ਫੁੰਡਾ ਕੇ ਉਹ ਨਾਸਾਂ,
ਧੁੱਪ ਚੜ੍ਹ ਗਈ ਹੈ ਫਿਰ ਕਦੀ ਆਸਾਂ।

ਇਉਂ ਜਾਣ ਦੀ ਕੀਤੀ ਸਾਵਣ ਤਿਆਰੀ,
ਤੰਬਾ ਝਾੜ ਕੇ ਜਿਵੇਂ ਟੁਰ ਪਏ ਜਵਾਰੀ।
ਕਿਸੇ ਰਾਤ ਗਿਣ ਗਿਣ ਕੇ ਤਾਰੇ ਗੁਜ਼ਾਰੀ,
ਕਿਸੇ ਵਸਲ ਵਿਚ ਜ਼ੁਲਫ਼ ਬਿਖਰੀ ਸੰਵਾਰੀ।

ਚਿੱਠੀ ਪੱਤਰ ਲਿਖਣੀ ਕਿ ਕੀ ਹਾਲ ਅਹਿਵਾਲ ਹੈ,
ਜਾਉ ‘ਸਾਵਣ ਸਿੰਘ ਜੀ’ ਸਤਿ ਸ੍ਰੀ ਅਕਾਲ ਹੈ।

♣

# ਪੰਜਾਬੀ ਬੋਲੀ

ਮੈਂ ਸਦਕੇ ਹਾਂ ਬੋਲੀ ਪੰਜਾਬੀ ਉੱਤੋਂ,
ਡਾਢੀ ਮਿੱਠੀ ਅਤੇ ਬੜੀ ਸਵਾਦੀ ਵੀ ਏ।
ਸਾਡੀ ਬੋਲੀ ਇਹ ਅੱਜ ਦੀ ਜੰਮੀ ਹੋਈ ਨਹੀਂ,
ਸਭਨਾਂ ਬੋਲੀਆਂ ਦੀ ਇਹ ਪੜਦਾਦੀ ਵੀ ਏ।
ਇਹਦਾ ਨਖ਼ਰਾ ਵੇਖ ਕੇ ਇੰਜ ਦਿੱਸਦਾ,
ਨਵੀਂ ਵਹੁਟੀ ਤੇ ਆਦ ਜੋਗਾਦੀ ਵੀ ਏ।
ਬੜੀ ਲਿੱਸੀ ਲੈ ਗਊ ਨਿਮਾਣੀ ਵਾਂਗਣ,
ਬੂਥਾ ਭੰਨਣ ਦੀ ਇਸ ਦੀ ਵਾਦੀ ਵੀ ਏ।
ਹੋਰ ਬੋਲੀਆਂ ਬਣੀਆਂ ਨੇ ਠੇਕੇ ਉੱਤੇ,
ਇਹ ਰੱਬ ਦੇ ਹੱਥੋਂ ਬਣਾਈ ਗਈ ਏ।
ਕਿਸੇ ਹੁਸਨ ਦੀ ਮਿੱਟੀ ਵਿਚ ਗੁੰਨਕੇ ਤੇ,
ਇਨੂੰ ਇਸ਼ਕ ਦੀ ਪਾਣ ਲਗਾਈ ਗਈ ਏ।
ਐਨਾ ਜ਼ੋਰ ਹੈ ਬੋਲੀ ਪੰਜਾਬੀ ਦੇ ਵਿਚ,
ਜਿੰਨਾ ਜ਼ੋਰ ਨਹੀਂ ਅਰਜਨ ਦੇ ਤੀਰ ਦੇ ਵਿਚ।
ਉਹ ਮਜ਼ਾ ਨਹੀਂ ਕੀਟਸ ਦੀ ਸ਼ਾਇਰੀ ਦੇ ਵਿਚ,
ਜਿਹੜਾ ਮਜ਼ਾ ਹੈ ਵਾਰਸ ਦੀ ਹੀਰ ਦੇ ਵਿਚ।
ਜਿਹੜਾ ਹੁਸਨ ਹੈ ਸੋਹਣੀ ਪੰਜਾਬੀ ਉੱਤੇ,
ਉਹ ਹੁਸਨ ਨਹੀਂ ਵਾਦੀ ਕਸ਼ਮੀਰ ਦੀ ਵਿਚ।
ਜੋ ਲੁਤਫ਼ ਹੈ 'ਸਰਫ਼' ਦੀ ਕਵਿਤਾ ਦੇ ਵਿਚ,
ਉਹ ਲੁਤਫ਼ ਨਹੀਂ ਪੰਡਤ ਦੀ ਖੀਰ ਦੇ ਵਿਚ।
ਪੂਰਨ ਸਿੰਘ ਦੀ ਕਵਿਤਾ ਵਿਚ ਤਾਕਤ ਹੈ ਜੋ,
ਉਹ ਤਾਕਤ ਨਹੀਂ ਐਟਮ ਦੇ ਗੋਲੇ ਦੇ ਵਿਚ।
ਉਹ ਸਵਾਦ ਨਹੀਂ ਕਾਬਲ ਦਿਆਂ ਸਰਦਿਆਂ ਵਿਚ,
ਜੋ ਸਵਾਦ ਹੈ ਮਾਈਏ ਅਤੇ ਢੋਲੇ ਦੇ ਵਿਚ।
ਆਪਨੀ ਬੋਲੀ ਦੀ ਜੇ ਅਸੀਂ ਕਦਰ ਕਰਦੇ,
ਵਿਚ ਕਚਹਿਰੀਆਂ ਦੇ ਧੱਕੇ ਖਾਂਵਦੇ ਨਾ,
ਇਨ੍ਹਾਂ ਅਰਜ਼ੀ ਨਵੀਸਾਂ ਅਤੇ ਪੁਲਸੀਆਂ ਤੋਂ,

ਖੀਸੇ ਆਪਣੇ ਖਾਲੀ ਕਰਾਂਵਦੇ ਨਾ।
ਮਿਸਲ ਖਾਨ ਨਾਜ਼ਰ ਬਾਹਵਾਂ ਛੂੰਗ ਕੇ ਤੇ,
ਜੱਟਾਂ ਪੇਂਡੂਆਂ ਦੀ ਛਿੱਲ ਲਾਂਹਵਦੇ ਨਾ।
ਇਹ ਵਕੀਲ ਨਾ ਮੁੱਛਾਂ ਨੂੰ ਵੱਟ ਦੇਂਦੇ।
ਖਾ ਖਾ ਵਿਹਲੀਆਂ ਗੋਗੜ ਵਧਾਂਵਦੇ ਨਾ।
ਘਰੋਂ ਖਾ ਤੇ ਜਾ ਕੇ ਗੁਰਦੁਵਾਰੇ,
ਊੜਾ, ਐੜਾ, ਈੜੀ ਸੱਸਾ ਲਿਖ ਲੈਂਦੇ।

ਚੰਗੀ ਇਹਦੀ ਅੰਗਰੇਜ਼ਾਂ ਨੇ ਖੁੰਭ ਠੱਪੀ,
ਲਾਹੀ ਵਿਚ ਅਦਾਲਤਾਂ ਪੱਤ ਇਸਦੀ।

ਨਮਦਾ ਕੱਸਿਆ ਕਦੀ ਅਬਦਾਲੀਆਂ ਨੇ,
ਕਦੀ ਮੁਗਲਾਂ ਨਚੋੜੀ ਸੀ ਰਤ ਇਸਦੀ।

ਇਕ ਲੱਤ ਅੰਗਰੇਜ਼ੀ ਨੇ ਇੱਧਰ ਖਿੱਚੀ,
ਦੂਜੀ ਉਰਦੂ ਧਰੂਹੀ ਸੀ ਲੱਤ ਇਸਦੀ।

ਇਉਂ ਗ਼ੈਰ ਚਮੁੱਟ ਧਰਮੂੜੀ ਵਾਂਗਣ,
ਮਾਰ ਦਿੱਤੀ ਸੀ ਪਲਾਂ ਵਿਚ ਮਤ ਇਸਦੀ।

ਪਰ ਸ਼ਾਬਾਸ਼ ਹੈ ਬੋਲੀ ਪੰਜਾਬੀਏ ਨੀ,
ਰਗੜੀ ਗਈ ਏਂ ਭਾਵੇਂ ਤੂਫ਼ਾਨਾ ਦੇ ਵਿਚ।
ਤੇਰੀ ਧੌਣ ਨਾ ਕੋਈ ਝੁਕਾ ਸਕਿਆ,
ਚਮਕ ਰਹੀ ਏ ਅੱਜ ਅਸਮਾਨਾਂ ਦੇ ਵਿਚ।
ਸਭ ਖ਼ਜ਼ਾਨਿਆਂ ਦੇ ਵਿਚ ਭਰਪੂਰ ਹੈ ਇਹ,
ਇਸ ਵਿਚ ਪ੍ਰੇਮ ਦੀ ਵਗਦੀ ਗੰਗ ਵੀ ਏ।
ਇਹ ਸੁਹੱਪਣ ਅਤੇ ਹੁਸਨ ਦੀ ਦੇਵੀ ਏ,
ਇਸ ਵਿਚ ਪ੍ਰੇਮ ਦੇ ਨਾਗ ਦਾ ਡੰਗ ਵੀ ਏ।
ਇਹਦੇ ਵਿਚ ਭਗਤੀ ਵੈਰਾਗ ਇਕ ਮਸਤੀ ਵੀ ਏ,
ਇਹਦੇ ਵਿਚ ਲੜਾਈ ਅਤੇ ਜੰਗ ਵੀ ਏ।
ਇਹਦੇ ਵਿਚ ਫ਼ਲਸਫਾ ਅਤੇ ਡੂੰਘਾਈ ਵੀ ਏ,
ਹਰ ਮੌਜ ਵੀ ਏ ਹਰ ਰੰਗ ਵੀ ਏ।
ਉੱਥੇ ਦੁੱਧ ਦਾ ਚਸ਼ਮਾ ਵਗਾ ਦੇਂਦੀ,
ਜਿੱਥੇ ਜਾ ਕੇ ਝੰਡਾ ਇਹ ਗੱਡ ਲੈਂਦੀ,
ਜਦਣ ਭੰਗੜਾ ਇਹ ਪਾਂਦੀ ਹੈ ਪਿੜਾ ਅੰਦਰ,
ਕਈ ਆਸ਼ਕਾਂ ਦਾ ਦਿਲ ਇਹ ਕੱਢ ਲੈਂਦੀ।
ਜਿੱਥੇ ਮਾਂ ਦਾ ਦਰਜਾ ਹੈ ਮਾਂ ਦਾ ਏ,
ਭਾਵੇਂ ਉਸ ਵਿਚ ਲੱਖਾਂ ਬੁਰਾਈਆਂ ਹੋਵਣ।

ਮਾਂ ਵਾਸਤੇ ਪੁੱਤਰ ਸਪੁੱਤਰ ਹੀ ਏ,
ਭਾਵੇਂ ਉਸ ਵਿਚ ਲੱਖਾਂ ਬੁਰਾਈਆਂ ਹੋਵਣ।
ਜਿਹੜਾ ਮਾਂ ਨੂੰ ਪੁੱਤਰ ਨਾ ਮਾਂ ਸਮਝੇ,
ਉਹਦੀ ਅੱਖ ਵਿਚ ਸਾਈਆਂ ਸਲਾਈਆਂ ਹੋਵਣ।
ਜਿਹਦਾ ਕੋਈ ਨਾ ਸਿਰ ’ਤੇ ਖ਼ਸਮ ਹੋਵੇ,
ਉਥੇ ਸਾਵਣ ’ਚ ਗਾਈਆਂ ਧਰਆਈਆਂ ਹੋਵਣ।
ਜਿਧੀ ਆਪਣੇ ਘਰ ਨਾ ਹੋਵੇ ਇੱਜ਼ਤ,
ਉਸਨੂੰ ਹਰ ਕੋਈ ਛਿੱਤਰ ਲਾ ਲੈਂਦੇ।
ਖੋਤੀ ਵੇਖ ਨਖਸਮੀ ’ਤੇ ਹਰ ਕੋਈ,
ਪੰਜ ਮਣ ਵਾਲੀ ਛੱਟ ਪਾ ਲੈਂਦੇ।
ਸਾਰੀ ਬੋਲ ਪੰਜਾਬੀ ਇਕ ਕਵਿਤਾ ਹੀ ਏ,
ਬੋਲੇ ਅੰਨ੍ਹੀ ਤੇ ਕਾਣੀ ਵੀ ਕਵਿਤਾ ਦੇ ਵਿਚ।
ਭੈਣ ਕਵਿਤਾ ਵਿਚ ਵੀਰ ਦੀ ਗਾਏ ਘੋੜੀ,
ਹੈ ਗੁਰਾਂ ਦੀ ਬਾਣੀ ਵੀ ਕਵਿਤਾ ਦੇ ਵਿਚ।
ਕੋਈ ਬੁੱਢਾ ਜੇ ਪੱਤਰਾ ਵਾਚ ਜਾਵੇ,
ਉਹਦੀ ਹੁੰਦੀ ਹੈ ਲਾਹਣੀ ਵੀ ਕਵਿਤਾ ਦੇ ਵਿਚ।
ਜੱਟੀ ਤੜਕੇ ਜੇ ਉੱਠ ਕੇ ਦੁੱਧ ਰਿੜਕੇ,
ਉਹਦੀ ਖੜਕੇ ਮਧਾਣੀ ਵੀ ਕਵਿਤਾ ਦੇ ਵਿਚ।
ਕਵਿਤਾ ਵਿਚ ਨੇ ਸ਼ਗਨ ਅਤੇ ਮਗਨ ਸਾਡੇ,
ਕਵਿਤਾ ਵਿਚ ਹੈ ਡੁੱਬਣਾ ਅਤੇ ਤਰਣਾ ਸਾਡਾ।
ਕਵਿਤਾ ਵਿਚ ਹੈ ਮਿਲੀ ਗੁੜ੍ਹਤੀ ਸਾਨੂੰ,
ਕਵਿਤਾ ਵਿਚ ਹੈ ਜੰਮਣਾ ਅਤੇ ਮਰਨਾ ਸਾਡਾ।

♣

# ਮੇਰੀ ਕੁਰਬਾਨੀ ਦੀਆਂ ਚਾਰ ਕਿਸ਼ਤਾਂ

ਆਪਣੇ ਵਤਨ ਪਿਆਰੇ ਛੱਡਣ ਲੱਗਿਆਂ,
ਅੱਥਰੂ ਡਿਗੇ ਜੋ ਪਲਕਾਂ ਤੇ ਅੜੇ ਹੋਏ ਸਨ।

ਟੱਟਣ ਤਾਰੇ ਜੋ ਟੁੱਟੇ ਅਰਮਾਨ ਮੇਰੇ,
ਜਿਹੜੇ ਅਰਸ਼ ਦੇ ਕਿੰਗਰੇ ਤੇ ਚੜ੍ਹੇ ਹੋਏ ਸਨ।

ਮੇਰੇ ਦਿਲ ਦਰਿਆ ਦੇ ਵਹਿਣ ਟੁਰਦੇ,
ਚੁੱਪ ਚੁਪੀਤੇ ਇਕ ਗੁੱਠ ਵਿਚ ਖੜੇ ਹੋਏ ਸਨ।

ਗੱਡੀ ਥਾਂ ਥਾਂ ਚੀਕਾਂ ਮਾਰਦੀ ਸੀ,
ਨਾ ਸਨ ਚੀਕਾਂ ਇਹ ਮੇਰੀ ਪੁਕਾਰ ਹੈ ਸੀ।

ਜਿਹੜਾ ਇੰਜਨ ਵਿੱਚੋਂ ਧੂੰਆਂ ਨਿਕਲ ਰਿਹਾ ਸੀ,
ਮੇਰੇ ਸੜੇ ਹੋਏ ਦਿਲ ਦਾ ਗੁਬਾਰ ਹੈ ਸੀ।

ਗੱਡੀ ਪੁੱਜ ਲਾਹੌਰ ਮੈਂ ਵੇਖਿਆ ਕੀ,
ਇਨਸਾਨੀਅਤ ਦੀ ਮਿੱਟੀ ਖ਼ਰਾਬ ਹੈ ਸੀ।

ਬੇਹਯਾਈ ਪਿੜ ਵਿਚ ਨੰਗੀ ਨੱਚ ਰਹੀ ਸੀ,
ਪਾਇਆ ਸ਼ਰਮ ਨੇ ਮੂੰਹ ਤੇ ਨਕਾਬ ਹੈ ਸੀ।

ਹੋਈ ਫੁੱਲ ਦੀ ਫਟਕੜੀ ਫੁੱਲ ਹੈ ਸੀ,
ਸਿਰ ’ਤੇ ਕੰਡੇ ’ਤੇ ਪਰ ਸੁਰਖਾਬ ਹੈ ਸੀ।

ਮਲ੍ਹਮ ਫੱਟਾਂ ’ਤੇ ਲਾਣੀ ਗੁਨਾਹ ਹੈ ਸੀ,
ਲੂਣ ਛਿੜਕਣਾ ਪੱਛ ਕੇ ਸਵਾਬ ਹੈ ਸੀ।

ਦੁੱਖਾਂ ਗਮਾਂ ਮਸੀਬਤ ਦਿਆਂ ਮਾਰਿਆਂ ਨੇ,
ਕੱਟੀ ਰਾਤ ਸਾਰੀ ਆਫਿਤ ਕਹਿਰ ਅੰਦਰ।

ਆਖਿਰ ਮੈਂ ਤੇ ਵਹੁਟੀ ਪਿਆਰੀ ਮੇਰੀ,
ਦੋਵੇਂ ਆਨ ਪੁੱਜੇ ਦਿੱਲੀ ਸ਼ਹਿਰ ਅੰਦਰ।

ਵਹੁਟੀ ਰੋਵੇਂ ਮੈਂ ਕਿਹਾ ਨਾ ਰੋ ਪਿਆਰੀ,
ਸਾਡੇ ਵੀਰ ਸਾਡਾ ਦੁੱਖ ਵੰਡਣਗੇ ਨੀ।

ਜਿਨ੍ਹਾਂ ਰਾਹਾਂ ਤੇ ਟੁਰਾਂਗੇ ਵਤਨ ਵਾਲੇ,
ਉਨ੍ਹਾਂ ਰਾਹਾਂ ’ਤੇ ਅੱਖੀਆਂ ਵਿਛਾਵਣਗੇ ਨੀ।

ਮਹਿਲ ਬਣਿਆ ਹੈ ਜਿਨ੍ਹਾਂ ਦੀਆਂ ਹੱਡੀਆਂ ’ਤੇ,
ਉਨ੍ਹਾਂ ਹੱਡੀਆਂ ਦਾ ਮੁੱਲ ਇਹ ਪਾਣਗੇ ਨੀ।

ਪਾਇਆ ਫੱਟਾਂ ’ਤੇ ਲੂਣ ਗਵਾਂਢੀਆਂ ਨੇ,
ਹੁਣ ਇਹ ਫੱਟਾਂ ਉੱਤੇ ਮਲ੍ਹਮ ਲਾਣਗੇ ਨੀ।

ਜਦਨ ਟੇਸ਼ਨ ਤੋਂ ਉੱਤਰਾਂਗੇ ਵੇਖ ਲਵੀਂ,
ਸਾਡਾ ਸ਼ਾਹਾਂ ਵਾਲਾ ਇਸਤਕਬਾਲ ਹੋਸੀ।

ਰਾਜਨ, ਬਾਬੂ, ਪਟੇਲ, ਬਲਦੇਵ ਸਿੰਘ ਜੀ,
ਖੜਾ ਟੇਸ਼ਨ ਉੱਤੇ ਜਵਾਹਰਲਾਲ ਹੋਸੀ।

ਜਦੋਂ ਟੇਸ਼ਨ ’ਤੇ ਅਸਾਂ ਨੇ ਪੈਰ ਰੱਖਿਆ,
ਸਾਨੂੰ ਲੇਖਾਂ ਨੇ ਦੁੱਖਾਂ ਵਿਚ ਝੋਕ ਦਿੱਤਾ।

ਭੁੱਖੇ ਦਿਨਾਂ ਦੇ ਬੈਠੇ ਜਾ ਬੈਂਚ ਉੱਤੇ,
ਕਾਲੀ ਬਰਦੀ ਵਾਲੇ ਸਾਨੂੰ ਟੋਕ ਦਿੱਤਾ।

ਲੱਗਾ ਕਰਫਿਊ ਹੈ ਸੀ ਸ਼ਹਿਰ ਅੰਦਰ,
ਸ਼ਹਿਰ ਜਾਣ ਤੋਂ ਪੁਲਸੀਏ ਰੋਕ ਦਿਤਾ।

ਅਸਾਂ ਜ਼ਰਾ ਕੇ ਚੂੰ ਚਾ ਕੀਤੀ,
ਉਹਨੇ ਫੜ ਧੱਫੜ ਮੂੰਹ ’ਤੇ ਠੋਕ ਦਿੱਤਾ।

ਵਹੁਟੀ ਅੱਖਾਂ ’ਚੋਂ ਮੋਤੀ ਵਰਸਾਉਣ ਲੱਗੀ,
ਕਹਿਣ ਲੱਗੀ ਹਾਏ ਕਿਸਮਤ ਖੋਟੀਏ ਨੀ।

ਮੈਂ ਕਿਹਾ ਜੋ ਕੀਤੀ ਕੁਰਬਾਨੀ ਅਸਾਂ,
ਇਹ ਹੈ ਕਿਸ਼ਤ ਉਸਦੀ ਪਹਿਲੀ ਵਹੁਟੀਏ ਨੀ।

ਧੱਕੇ ਗਏ ਫਿਰ ਕਿੰਗਜ਼ਵੇ ਕੈਂਪ ਅੰਦਰ,
ਹੋ ਕੇ ਲੱਖ ਪਤੀਏ ਰੁਲੇ ਖ਼ਾਕ ਅੰਦਰ।

ਅਸੀਂ ਇਸ ਤਰ੍ਹਾਂ ਸਤਿ ਗੰਵਾ ਬੈਠੇ,
ਹੋਵੇ ਸਤਿ ਨਾ ਜਿਸ ਤਰ੍ਹਾਂ ਕਾਕ ਅੰਦਰ।

ਟੰਗਾਂ ਢਿੱਲੀਆਂ ਪੈਰੀਂ ਬਖੋੜ ਪੈ ਗਏ,

ਫੇਰੇ ਪਾ ਪਾ ਪੀ ਬਲਾਕ ਅੰਦਰ।

ਲੱਲੂ ਪੰਜੂ ਸਾਨੂੰ ਆ ਕੇ ਚੱਬਣ ਲੱਗੇ,
ਤਾਕਤ ਹੋਵੇ ਨਾ ਜਿਵੇਂ ਮਸਵਾਕ ਅੰਦਰ।

ਇਕ ਦਿਨ ਕੈਂਪ ਨੂੰ ਬੈਠਿਆਂ ਅੱਗ ਲੱਗ ਗਈ,
ਵਹੁਟੀ ਕਿਹਾ ਹਾਏ ਧਾੜਾ ਲੋਟੀਏ ਨੀ।

ਮੈਂ ਕਿਹਾ ਕਿ ਚੁੱਪ ਕਰ ਦੜ ਵੱਟ ਜਾ,
ਇਹ ਹੈ ਕਿਸ਼ਤ ਦੂਜੀ ਮੇਰੀ ਵਹੁਟੀਏ ਨੀ।

ਕਾਲੇ ਲੇਖਾਂ ਦੀ ਫਾਹੀ ਵਿਚ ਫ਼ਸ ਕੇ ’ਤੇ,
ਦਿਨ ਪਟੜੀ ’ਤੇ ਬਹਿ ਕੇ ਕੱਟਣ ਲੱਗੇ।

ਚਵਾਂ ਪੈਸਿਆਂ ਦਾ ਮੂੰਹ ਵੇਖ ਕੇ ਤੇ,
ਦਿਨ ਦੁੱਖਾਂ ਵਾਲੇ ਕੁਝ ਘੱਟਣ ਲੱਗੇ।

ਸਾਡੇ ਮੂੰਹ ਵਿਚ ਜਵਾਂ ਦੀ ਵੇਖ ਰੋਟੀ,
ਪੇਟ ਦੋਖੀਆਂ ਦੇ ਆ ਕੇ ਫਟਣ ਲੱਗੇ।

ਇਕ ਦਿਨ ਪੁਲਸੀਆਂ ਦੀ ਧਾੜ ਆ ਪੁੱਜੀ,
ਵਹੁਟੀ ਕਿਹਾ ਕਿੱਥੇ ਮਿੱਟੀ ਛਾਣੀਏ ਨੀ।

ਮੈਂ ਕਿਹਾ ਕਿ ਸਬਰ ਦਾ ਘੁੱਟ ਪੀ ਜਾ,
ਇਹ ਹੈ ਕਿਸ਼ਤ ਤੀਜੀ ਮੇਰੀ ਰਾਣੀਏ ਨੀ।

ਸਾਵਣ ਆਇਆ ਤੇ ਗੋਰੀਆਂ ਪਾਏ ਝੂਲੇ,
ਅਸੀਂ ਦੁੱਖਾਂ ਦੇ ਝੂਲੇ ਵਿਚ ਝੁਲਣ ਲੱਗੇ।

ਉੱਤੋਂ ਛੱਤ ਰੋਵੇਂ ਹੇਠੋਂ ਫ਼ਰਸ਼ ਰੋਵੇ,
ਬਿਨਾਂ ਧੋਬੀ ਸਾਡੇ ਕਪੜੇ ਧੁਲਣ ਲੱਗੇ।

ਲੱਗੀਆਂ ਠੋਕਰਾਂ ਘੋੜੇ ਦੇ ਸੁੰਮ ਵਾਂਗੂੰ,
ਹੌਲੇ ਕੱਖਾਂ ਦੇ ਵਾਂਗਰਾਂ ਰੁਲਣ ਲੱਗੇ।

ਜਿਸ ਤਕੜੀ ਦੇ ਵਿਚ ਪਾਸਕੂ ਸੀ,
ਉਸੇ ਤਕੜੀ ਤੇ ਫਿਰ ਤੁਲਣ ਲੱਗੇ।

ਨਿੱਕ ਸੁੱਕ ਸਾਡਾ ਵਹਿ ਗਿਆ ਪਾਣੀ ਦੇ ਵਿਚ,
ਵਹੁਟੀ ਕਿਹਾ ਹਾਏ ਕਿਸਮਤ ਹਾਰੀਏ ਨੀ।

ਮੈਂ ਕਿਹਾ ਕਿ ਲੈ ਲੈ ਝੋਲੀ ਦੇ ਵਿਚ,
ਇਹ ਹੈ ਕਿਸ਼ਤ ਚੌਥੀ ਮੇਰੀ ਪਿਆਰੀਏ ਨੀ।

ਵਹੁਟੀ ਕਿਹਾ ਹੋਰ ਕਿਸ਼ਤਾਂ ਦੀ ਲੋੜ ਕੋਈ ਨਹੀਂ,
ਚਾਰ ਮਿਲੀਆਂ ਤੇ ਚਾਰੇ ਹੀ ਰਹਿਣ ਦੇਵੋ।

ਜਿੰਨ੍ਹਾਂ ਨ੍ਹਾਤੀ ਤੇ ਉੱਨਾਂ ਹੀ ਪੁੰਨ ਸਮਝੋ,
ਜਿੱਥੇ ਬੈਠੀ ਹਾਂ ਉੱਥੇ ਹੀ ਬਹਿਣ ਦੇਵੋ।

ਅਰਜ਼ ਕਰੋ ਸਰਕਾਰ ਦੇ ਕੋਲ ਜਾ ਕੇ,
ਜੇ ਕਰ ਢੱਠੇ ਹਾਂ ਢੱਠੇ ਨੂੰ ਢਹਿਣ ਦੇਵੋ।

ਅਸਾਂ ਬਰਕਤ ਆਜ਼ਾਦੀ ਦੀ ਵੇਖ ਲਈ ਹੈ,
ਜੋ ਕੁਝ ਆਈ ਸਿਰ ’ਤੇ ਸਾਨੂੰ ਸਹਿਣ ਦੇਵੋ।

ਪੈਰੀਂ ਜੁੱਤੀ ਨ ਪੱਲਾ ਹੈ ਸਿਰ ਉੱਤੇ,
ਛੱਡ ਕੇ ਵਤਨ ਹੋਇਆ ਬੁਰਾ ਹਾਲ ਸਾਡਾ।

ਹਸ਼ਰ ਤੀਕ ਨਹੀਂ ਭੁੱਲਾਂਗੇ ਪੱਤੀ ਮੇਰੇ,
ਜਿਹੜਾ ਹੋਇਆ ਇੱਥੇ ਇਸਤਕਬਾਲ ਸਾਡਾ।

ਜਿਹੜਾ ਰੌਸ਼ਨ ਹੈ ਦੀਵਾ ਅਜ਼ਾਦੀ ਵਾਲਾ,
ਮੈਂ ਪ੍ਰਵਾਨਾ ਇਸ ਦੀਵੇ ਦੀ ਲਾਟ ਦਾ ਹਾਂ।

ਨਾ ਹਾਂ ਆਰ ਜੋਗਾ ਨਾ ਹਾਂ ਪਾਰ ਜੋਗਾ,
ਨਾ ਮੈਂ ਘਰ ਦਾ ਹਾਂ ਨਾ ਮੈਂ ਘਾਟ ਦਾ ਹਾਂ।

ਖ਼ਾੜ-ਖ਼ਾੜ ਕਲ੍ਹ ਕਰਦਾ ਸਾਂ ਵਾਂਗ ਲੱਠੇ,
ਛਿੱਸੀ ਲੀਰ ਵਾਂਗਰ ਅੱਜ ਪਿਆ ਪਾਟਦਾ ਹਾਂ।

ਰੱਖਦਾ ਪੈਰ ਸਾਂ ਕਲ੍ਹ ਮੈਂ ਗਲੀਚਿਆਂ ਤੇ,
ਮਾਲਕ ਅੱਜ ਇਕ ਫੂਹੜੀ ਤੇ ਟਾਟ ਦਾ ਹਾਂ।

‘ਈਸ਼ਰ’ ਦੁੱਖਾਂ ਦੇ ਸਿਰ ’ਤੇ ਪਹਾੜ ਡਿੱਗ ਪਏ,
ਪਰ ਮੈਂ ਲੜ ਉਮੀਦ ਦਾ ਛੱਡਿਆ ਨਹੀਂ।

ਭੁੱਖੇ ਸੌਂ ਗਏ ਬੱਚੇ ਮਾਸੂਮ ਮੇਰੇ,
ਪਰ ਮੈਂ ਕਿਸੇ ਅੱਗੇ ਹੱਥ ਅੱਡਿਆ ਨਹੀਂ।

♣

## ਖੋਤੇ ਨੇ ਘੋੜਾ ਬਣਨਾ ਨਹੀਂ

ਲੰਦਨ ਦੇ ਵਿਚ ਵੀ ਗਿਰਜੇ ਨੇ ਉੱਥੇ ਵੀ ਪੰਡਿਤ ਭਾਈ ਨੇ।
ਉੱਥੇ ਵੀ ਛੋਟੇ ਮੋਟੇ ਨੇ ਉੱਥੇ ਵੀ ਪਰਬਤ ਰਾਈ ਨੇ।

ਉੱਥੇ ਵੀ ਮਿਹਤਰ ਵਸਦੇ ਨੇ, ਜੋ ਕਰਦੇ ਪਏ ਸਫਾਈ ਨੇ।
ਉੱਥੇ ਵੀ ਮੋਚੀ ਰਹਿੰਦੇ ਨੇ, ਉੱਥੇ ਵੀ ਛੀਂਬੇ ਨਾਈ ਨੇ।

ਪਰ ਸਭਦਾ ਦਰਜਾ ਇਕੋ ਹੈ, ਕੋਈ ਚੰਗਾ ਨਹੀਂ ਕੋਈ ਮਾੜਾ ਨਹੀਂ।
ਇਸ ਭਾਰਤ ਵਰਗਾ ਦੁਨੀਆਂ 'ਚ ਕਿਧਰੇ ਲੋਟੀ ਧਾੜਾ ਨਹੀਂ।

ਜਿਸ ਗੱਲ ਦਾ ਇੱਥੇ ਜਿਕਰ ਕਰਾਂ, ਭਾਰਤ ਦਾ ਕੰਮ ਨਿਆਰਾ ਏ।
ਨਹੀਂ ਸਮਝ ਪਈ ਹੈਂ ਲੋਕਾਂ ਨੂੰ, ਇਹ ਅੰਮ੍ਰਿਤ ਹੈ ਜਾਂ ਗਾਰਾ ਏ।

ਕੋਈ ਬ੍ਰਹਾਮਣ ਭਾਵੇਂ ਡਾਕੂ ਹੈ, ਉਹ ਵੀ ਅਰਸ਼ੀ ਤਾਰਾ ਏ।
ਸੁਨਿਆਰਾ ਭਾਵੇਂ ਕਰਨਲ ਏ, ਉਹ ਫਿਰ ਵੀ ਇਕ ਸੁਨਿਆਰਾ ਏ।

ਕੰਮ ਕਰਨ ਵਾਲੇ ਜੋ ਕੰਮੀ ਨੇ, ਉਹ ਨੀਚ ਇਨ੍ਹਾਂ ਦੇ ਭਾਣੇ ਨੇ।
ਇਹ ਸਮਝਣ ਪਏ ਇਲਾਚੀ ਨੂੰ, ਛੋਲੇ ਦੇ ਭੁੱਜੇ ਹੋਏ ਦਾਣੇ ਨੇ।

ਜੋ ਪੈਸਾ ਹੱਥੋਂ ਝੜਦੇ ਨਹੀਂ, ਉਹਨੂੰ ਕਹਿੰਦੇ ਵੱਡੇ ਦਾਨੀ ਨੇ।
ਇਹ ਬ੍ਰਹਮਾ ਦੇ ਮੁੱਖੋਂ ਜੰਮੇ ਨੇ, ਜੋ ਕਰਦੇ ਪਏ ਮਨਮਾਨੀ ਨੇ।

ਉਹ ਰਾਣੀ ਖਾਂ ਦੇ ਸਾਲੇ ਨੇ ਜੋ ਕਰਦੇ ਪਏ ਬੇਈਮਾਨੀ ਏ।
ਨਾ ਮੂੰਹ ਜਿਨ੍ਹਾਂ ਦਾ ਮੱਥਾ ਏ, ਬਣ ਬੈਠੇ ਯੂਸਫ਼ ਸਾਨੀ ਨੇ।

ਜੋ ਅਪਨੇ ਹੱਡ ਕੜਕਾਂਦੇ ਨੇ, ਜਿਨ੍ਹਾਂ ਦੇ ਵਗਨ ਪਸੀਨੇ ਨੇ।
ਕੰਮ ਕਰ ਕੇ ਰੋਟੀ ਖਾਵਨ ਜੋ, ਉਹਨੂੰ ਕਹਿੰਦੇ ਲੋਕ ਕਮੀਨੇ ਨੇ।

ਮਾਸ ਨੁਹਾਂ ਤੋਂ ਵੱਖ ਕੀਤੇ, ਭਾਰਤ ਦੇ ਵੱਡੇ ਅਮੀਰਾਂ ਨੇ।
ਜਾਤੀ ਨੂੰ ਪਾੜ ਕੇ ਰੱਖਿਆ ਏ, ਇਸ ਫੁੱਟ ਦੀਆਂ ਸ਼ਮਸ਼ੀਰਾਂ ਨੇ।

ਲਹੂ ਵਾਂਗ ਜੋਕ ਦੇ ਪੀਤਾ ਏ, ਵੀਰਾਂ ਦਾ ਅਪਨੇ ਵੀਰਾਂ ਨੇ।
ਇਨਸਾਨ ਇਹ ਨੀਚ ਬਣਾਏ ਨੇ, ਬ੍ਰਾਹਮਣ ਦੇ ਹਲਵੇ ਖੀਰਾਂ ਨੇ।

ਹੈ ਦਰਜਾ ਸਭ ਦਾ ਇਕੋ ਜਿਹਾ, ਕੋਈ ਤਾਣੇ ਨੇ ਕੋਈ ਪੇਟੇ ਨੇ।
ਜਿਹਨੂੰ ਨੀਚ ਤੇ ਭੰਗੀ ਕਹਿੰਦੇ ਹੋ, ਭਾਰਤ ਦੇ ਪਿਆਰੇ ਬੇਟੇ ਨੇ।

ਨਾ ਜਾਤ ਕਿਸੇ ਨੇ ਪੁੱਛਨੀ ਏ, ਅਮਲਾਂ ਦੇ ਬੇੜੇ ਤਰਦੇ ਨੇ।
ਜੋ ਆਪਣੀ ਖਾਤਿਰ ਜੀਂਦੇ ਨੇ, ਉਹ ਜੀਂਦੇ ਨਹੀਂ ਉਹ ਮਰਦੇ ਨੇ।

ਉਹ ਰੱਬ ਦੇ ਸੱਚੇ ਸੇਵਕ ਨੇ, ਜੋ ਰੱਬ ਦੇ ਕੋਲੋਂ ਡਰਦੇ ਨੇ।
ਜਿਨ੍ਹਾਂ ਨੂੰ ਇਸ਼ਕ ਇਲਾਹੀ ਹੈ, ਉਹ ਪੈਰ ਸੰਭਲ ਕੇ ਧਰਦੇ ਨੇ।

ਜਿਦ੍ਹੇ ਹੱਥ 'ਚ ਗਿਆਨ ਦਾ ਦੀਵਾ ਹੈ, ਉਸ ਰਾਹ ਦਾ ਰੋੜਾ ਬਨਣਾ ਨਹੀਂ।
ਜੇ ਕਾਠੀ ਪਾਵੋ ਖੋਤੇ 'ਤੇ ਖੋਤੇ ਨੇ ਘੋੜਾ ਬਣਨਾ ਨਹੀਂ।

ਇਹ ਖੁਦਗਰਜ਼ਾ ਦੀ ਦੁਨੀਆਂ ਹੈ, ਇਹ ਗ਼ਰਜ਼ਾਂ ਦੇ ਸਭ ਧੰਦੇ ਨੇ।
ਜੋ ਸੇਵਾ ਕਿਸੇ ਦੀ ਸਮਝਨ ਨਾ, ਉਹ ਮੈਲੇ ਨੇ ਉਹ ਗੰਦੇ ਨੇ।

ਗੁਰੂ ਨਾਨਕ ਮੇਰਾ ਕਹਿੰਦਾ ਹੈ, ਸਭ ਇਕ ਖਾਲਿਕ ਦੇ ਬੰਦੇ ਨੇ।
ਇਕ ਨੂਰ ਤੋਂ ਸਾਰੇ ਉਪਜੇ ਨੇ, ਨਾ ਭਲੇ ਤੇ ਨਾ ਕੋਈ ਮੰਦੇ ਨੇ।

ਅੰਬੇਦਕਾਰ ਬਣ ਸਕਦੇ ਨੇ, ਜੇ ਇਲਮ ਪੜ੍ਹਾਉ ਨੀਚਾਂ ਨੂੰ।
ਖੁਸ਼ਬੂ ਲੈ ਆਵਨ ਬਾਗ਼ਾਂ ਵਿਚ, ਜੇ ਫੁੱਲ ਬਣਾਵੋ ਨੀਚਾਂ ਨੂੰ।

ਗੱਲ ਆਖੀ ਹੈ ਜੋ ਨਾਨਕ ਨੇ, ਉਸ ਪਰਦੇ ਦੇ ਵਿਚ ਕੱਜੀ ਨਹੀਂ।
ਉਹ ਸੱਚੀ ਇਕ ਅਦਾਲਤ ਹੈ, ਕੋਈ ਹਾਈ ਕੋਰਟ ਦੀ ਜੱਜੀ ਨਹੀਂ।

♣

# ਆਜ਼ਾਦੀ

ਭੰਨ ਦੇ ਪਿਆਲਾ ਸਾਕੀ ਲਟ ਦੇਹ ਸੁਰਾਹੀ ਸਾਰੀ,
ਲੈ ਆ ਤੇਰੇ ਕੋਲ ਜਿਹੜੀ ਵਿਸਕੀ ਪੁਰਾਣੀ ਹੈ।

ਅੱਜ ਨਾ ਪਿਲਾਈ ਦਸ ਫੇਰ ਤੂੰ ਪਿਲਾਸੇਂ ਕਦ,
ਇਹੋ ਜਿਹੀ ਘੜੀ ਰੋਜ਼ ਕਦੋਂ ਆਨੀ ਹੈ।
ਅਸਾਂ ਨਹੀਉਂ ਪੀਣੀ ਅੱਜ ਨਿੱਕੇ ਨਿੱਕੇ ਘੁਟਾਂ ਨਾਲ,
ਫੜ ਕੇ ਸੁਰਾਹੀ ਅਸਾਂ ਇਕੋ ਸ਼ੀਕ ਲਾਣੀ ਹੈ।

ਦਿਲ ਨਾ ਝਬੀੜ ਜ਼ਰਾ ਮੌਕਲਾ ਤੂੰ ਕਰ ਇਹਨੂੰ,
ਅਸਾਂ ਨਹੀਂ ਪਿੱਛਾਂ ਕੁਝ ਰੱਖਣੀ ਰਖਾਣੀ ਹੈ।
ਟੰਗ ਕੇ ਲੈ ਆਊ ਸਾਰੇ ਮੰਦਿਰ ਦੇ ਪੁਜਾਰੀ ਅੱਜ,
ਜੇ ਨਾ ਉਨ੍ਹਾਂ ਪੀਤੀ ਅਸਾਂ ਗੋੜ ਕੇ ਪਲਾਣੀ ਹੈ।

ਭਾਈ ਤਾਈਂ ਆਖੋ ਛੱਡ ਢੋਲਕੀ ਬਜਾਣੀ ਅੱਜ,
ਕਲ੍ਹ ਨੂੰ ਬਜਾਈਂ ਜੇ ਜ਼ਰੂਰ ਤੂੰ ਬਜਾਣੀ ਹੈ।
ਰੋਜ਼ ਰੋਜ਼ ਕਿਸੇ ਤੈਨੂੰ ਸੱਦ ਕੇ ਪਿਲਾਣੀ ਨਹੀਂ,
ਆ ਜੇ ਮੌਤ ਤੂੰ ਕੁਝ ਵੇਖਣੀ ਵਖਾਣੀ ਹੈ।

ਮੁਲਾਂ ਨੂੰ ਮਸੀਤੀ ’ਚੋਂ ਘਸੀਟ ਕੇ ਲੈ ਆਉ ਅੱਜ,
ਅਸਾਂ ਉਹਦੇ ਬੁਲਾਂ ਨਾਲ ਵਿਸਕੀ ਛੁਹਾਣੀ ਹੈ।
ਘੂੰਗਰੂ ਸੰਭਾਲ ਨਾਚੀ ਨੱਚ ਕੇ ਤੂੰ ਨਾਚ ਦਸ,
ਪ੍ਰੇਮ ਦਿਆਂ ਕੁਠਿਆਂ ਦੀ ਤੂੰ ਹੀ ਭੁਖ ਲਾਹਣੀ ਹੈ।

ਰਾਗੀਆ ਤੂੰ ਛੇੜ ਰਾਗ ਡਾਢਾ ਕੋਈ ਪ੍ਰੇਮ ਵਾਲਾ,
ਰਾਤ ਵੀ ਹੈ ਚਾਨਣੀ ਅਤੇ ਕੋਲ ਸਾਡੇ ਜਾਨੀ ਹੈ।
ਸੱਦ ਕੇ ਲੈ ਆਉ ਸਾਡੇ ਸਾਰੇ ਹੀ ਰਕੀਬ ਅੱਜ,
ਇਨ੍ਹਾਂ ਨੂੰ ਬਿਠਾ ਕੇ ਅੱਜ ਮਹਿਫ਼ਲ ਇਹ ਜਮਾਣੀ ਹੈ।

ਟੈਮਪਰੈਂਸ ਵਾਲਿਆਂ ਨੇ ਭਰੀ ਹੋਈ ਮਹਿਫ਼ਲ ਵਿਚ,
ਵੇਖ ਲੈਣਾ ਇਨ੍ਹਾਂ ਪੂਰੀ ਬੋਤਲ ਚੜ੍ਹਾਨੀ ਹੈ।

ਕਿਸ ਦੀ ਹੈ ਖੁਸ਼ੀ ਅੱਜ ਸਾਰਿਆ ਨੂੰ ਦੱਸ ਦੇਵਾਂ,
ਭਾਰਤ ਮੇਰੀ ਬਣੀ ਅੱਜ ਮਲਿਕਾ ਅਤੇ ਰਾਣੀ ਹੈ।
ਇਹ ਨਹੀਂ ਸ਼ਰਾਬ ਜਿਹੜੀ ਬੰਦ ਹੁੰਦੀ ਬੋਤਲਾਂ ਵਿਚ,
ਪ੍ਰੇਮ ਦੀ ਸ਼ਰਾਬ ਅਸਾਂ ਪੀਣੀ ਤੇ ਪਿਲਾਣੀ ਹੈ।

ਮਿਲ ਗਿਆ ਰਾਂਝਾ ਅੱਜ ਪ੍ਰੇਮ ਕੁਠੀ ਹੀਰ ਤਾਈਂ,
ਖੇੜਿਆਂ ਦੀ ਸੱਚ ਮੁਚ ਮੋਈ ਅੱਜ ਨਾਨੀ ਹੈ।
ਫੁੱਲਾਂ ਨਾਲ ਲੱਦ ਇਹਦੇ ਸਿਰ ਉੱਤੇ ਤਾਜ਼ ਰੱਖ,
ਵਹੁਟੜੀ ਬਣਾ ਕੇ ਇਹਨੂੰ ਡੋਲੀ ਵਿਚ ਪਾਣੀ ਹੈ।

ਦੁਖ ਗ਼ਮ ਝੋਰੇ ਅਤੇ ਚਿਰਾਂ ਦੀ ਗ਼ੁਲਾਮੀ ਪਿੱਛੋਂ,
ਪੈ ਗਈ ਆਜ਼ਾਦੀ ਵਾਲੀ ਗਲ ਇਹਦੇ ਗਾਨੀ ਹੈ।
ਕੱਖਾਂ ਵਾਂਗ ਹੌਲੀ ਅਤੇ ਖੇਹਨੂੰ ਵਾਂਗ ਰੁਲ ਖੁਲ,
ਮੁੜ ਇਸ ਬੁੱਢੀ ਉੱਤੇ ਆ ਗਈ ਜਵਾਨੀ ਹੈ।

ਐਰਾ ਗ਼ੈਰਾ ਨੱਥੂ ਖੈਰਾ ਬਾਬਰ ਅਤੇ ਤੈਮੂਰ ਕਦ,
ਕਦੀ ਚੜ੍ਹ ਆਇਆ ਇਹਦੇ ਸਿਰ ਤੇ ਦੁਰਾਨੀ ਹੈ।
ਹੋਰ ਗੱਲ ਛੱਡੋ ਜਿਹੜੇ ਆਪੂੰ ਵੀ ਗ਼ੁਲਾਮ ਸਨ,
ਇਹਦੇ ਉੱਤੇ ਕੀਤੀ ਆ ਗ਼ੁਲਾਮਾਂ ਹੁਕਮਰਾਨੀ ਹੈ।

ਠਪੀ ਇਹਦੀ ਖੁੰਬ ਫਿਰ ਬਿਲੇ ਅਤੇ ਗੋਰਿਆਂ ਨੇ,
ਸਮਝਿਆ ਯਤੀਮ ਇਹਨੂੰ ਬੇਵਾ ਤੇ ਨਿਮਾਣੀ ਹੈ।
ਹੋਰ ਕੋਈ ਹੋਂਦੀ ਅੱਜ ਮਿਟ ਜਾਂਦੀ ਜਗ ਵਿਚੋਂ,
ਧੰਨ ਇਹਦਾ ਜੇਰਾ ਅਤੇ ਧੰਨ ਇਹ ਸਵਾਣੀ ਹੈ।

ਇਹਦੇ ਲਈ ਬੱਚੇ ਕਈ ਮਾਵਾਂ ਦੇ ਯਤੀਮ ਹੋਏ,
ਭਗਤ ਸਿੰਘ ਵਰਗਿਆਂ ਦੀ ਬਲੀ ਇੱਥੇ ਝਾਣੀ ਹੈ।
ਤਿਲਕ ਅਤੇ ਗੋਖਲੇ ਫ਼ੀਰੋਜ਼ ਸ਼ਾਹ ਮਹਿਤੇ ਜਿਹਾਂ,
ਜੇਲ੍ਹਾਂ ਵਿਚ ਇਹਦੇ ਲਈ ਮਿੱਟੀ ਜਾ ਕੇ ਛਾਣੀ ਹੈ।
ਮਖ਼ਮਲ ਅਤੇ ਗਲੀਚਿਆਂ ’ਤੇ ਸਦਾ ਪੈਰ ਧਰਨ ਵਾਲੇ,
ਨਹਿਰੂ ਜਿਹੇ ਪੰਡਤਾਂ ਨੇ ਲਈ ਮੰਝੀ ਵਾਹਣੀ ਹੈ।

ਰਾਜਨ ਪਟੇਲ ਅਤੇ ਆਜ਼ਾਦ ਨੇ ਆਜ਼ਾਦੀ ਛੱਡ,
ਇਸ ਦੀ ਆਜ਼ਾਦੀ ਲਈ ਕੀਤਾ ਖ਼ੂਨ ਪਾਣੀ ਹੈ।

♣

## ਛੱਡੋ ਸਿੜੀ ਸਿਆਪਾ ਅਤੇ ਪਾਉ ਭੰਗੜਾ ਮੇਰੇ ਵਤਨ ਅਜ਼ਾਦ ਦੀਆਂ ਹੋਲੀਆਂ ਨੇ

ਬੜੇ ਰੋਏ ਹੋ ਮਾਂ ਪਿਉ ਮੋਏ ਵਾਂਗਣ,
ਹੁਣ ਆ ਗਏ ਹੱਸਣ ਹਸਾਣ ਦੇ ਦਿਨ।

ਬੜੇ ਛੱਕੇ ਛੁਡਾਏ ਅੰਗਰੇਜ਼ ਸਾਡੇ,
ਹੁਣ ਆ ਗਏ ਛਕਣ ਛਕਾਣ ਦੇ ਦਿਨ।

ਅੱਖਾਂ ਵਿਚੋਂ ਤਾਂ ਬਦਲ ਵਸਾ ਚੁੱਕੇ,
ਆ ਗਏ ਰਹਿਮਤ ਦੇ ਬਦਲ ਵਸਾਣ ਦੇ ਦਿਨ।

ਕਾਲ਼ੀ ਬਦਲੀ ਤੇ ਜਾਮ ਵੀ ਛਲਕ ਰਿਹਾ ਹੈ,
ਆ ਗਏ ਰੁਠੜੇ ਯਾਰ ਮਨਾਣ ਦੇ ਦਿਨ।

ਅੱਗੇ ਸੀਨੇ ਵਿਚ ਵਜਦੀਆਂ ਗੋਲੀਆਂ ਸਨ,
ਹੁਣ ਪ੍ਰੇਮ ਪਿਆਰ ਦੀਆਂ ਗੋਲੀਆਂ ਨੇ।

ਛੱਡੋ ਸਿੜੀ ਸਿਆਪਾ ਤੇ ਪਾਊ ਭੰਗੜਾ,
ਮੇਰੇ ਵਤਨ ਆਜ਼ਾਦ ਦੀਆਂ ਹੋਲੀਆਂ ਨੇ।

ਫੜ ਲਵੋ ਪਚਕਾਰੀਆਂ ਪ੍ਰੇਮ ਦੀਆਂ,
ਲੀੜੇ ਨਹੀਂ ਅੱਜ ਦਿਲਾਂ ਨੂੰ ਰੰਗ ਦੇਵੋ।

ਵੇਲਾ ਮੇਲ ਮਿਲਾਪ ਦਾ ਆ ਗਿਆ ਏ,
ਵਿਛੜੇ ਪ੍ਰੇਮ ਜ਼ੰਜ਼ੀਰ ਵਿਚ ਢੰਗ ਦੇਵੋ।

ਜੋ ਪੋਥੀਆਂ ਨਫ਼ਰਤ ਦਾ ਸਬਕ ਦੱਸਣ,
ਉਹ ਪੋਥੀਆਂ ਛਿੱਕੇ ਤੇ ਟੰਗ ਦੇਵੋ।

ਕਰੇ ਆਸਾਂ ਦਾ ਕਾਫ਼ੀਆ ਤੰਗ ਜਿਹੜਾ,
ਕਰ ਉਸ ਕਾਫੀਆ ਤੰਗ ਦੇਵੋ।

ਯਾਦ ਕਰੋ ਉਹ ਵੀਰ ਆਜ਼ਾਦੀ ਖਾਤਰ,

ਜਿਨ੍ਹਾਂ ਜਿੰਦਾਂ ਵਿਚ ਖ਼ੂਨ ਦੇ ਰੋਲੀਆਂ ਨੇ।

ਛੱਡੋ ਸਿੜੀ ਸਿਆਪਾ ਤੇ ਪਾਉ ਭੰਗੜਾ,
ਮੇਰੇ ਵਤਨ ਆਜ਼ਾਦ ਦੀਆਂ ਹੋਲੀਆਂ ਨੇ।

ਰੰਗੋ ਵੀਰਾਂ ਨੂੰ ਮੁੱਖ ’ਤੇ ਗੁਲਾਲ ਸੁੱਟ ਕੇ,
ਦੱਸੋ ਹੋਲੀਆਂ ਇੰਞ ਮਨਾਈ ਦੀਆਂ।

ਬੜੇ ਛਿੱਤਰ ਖੜਕਾਏ ਨੇ ਆਪੋ ਦੇ ਵਿਚ,
ਗੱਲਾਂ ਕਰੋ ਹੁਣ ਸੁਲ੍ਹਾ ਸਫ਼ਾਈ ਦੀਆਂ।

ਬੜੀ ਖਾਧੀ ਏ ਮਸਰਾਂ ਦੀ ਦਾਲ ਅੱਗੇ,
ਰੱਖੋ ਆਸਾਂ ਹੁਣ ਡੂਨੇ ਮਲਾਈ ਦੀਆਂ।

ਕਿਸੇ ਵੈਰੀ ਉਤੇ ਅਜ਼ਮਾਉ ਜਾ ਕੇ,
ਤੇਗਾਂ ਵੀਰਾਂ ’ਤੇ ਨਹੀਂ ਅਜ਼ਮਾਈ ਦੀਆਂ।

ਮੁਰਲੀ ਵਾਂਗ ਜਿਨ੍ਹਾਂ ਸੀਨੇ ਸਾਫ਼ ਕੀਤੇ,
ਉਨ੍ਹਾਂ ਭਰੀਆਂ ਮੁਰਾਦਾਂ ਦੀਆਂ ਝੋਲੀਆਂਨੇ।

ਛੱਡੋ ਸਿੜੀ ਸਿਆਪਾ ਤੇ ਪਾਓ ਭੰਗੜਾ,
ਮੇਰੇ ਵਤਨ ਆਜ਼ਾਦ ਦੀਆਂ ਹੋਲੀਆਂ ਨੇ।

ਚਿੱਕੜ ਚਿੱਕੜ ਦੇ ਨਾਲ ਨਹੀਂ ਧੋਇਆ ਜਾਂਦਾ,
ਡੰਡਾ ਕਾਬੂ ਨਹੀਂ ਆਂਵਦਾ ਡੰਡੇ ਦੇ ਨਾਲ।

ਫੁੱਲ ਕੰਡੇ ਜੇ ਇਕ ਥਾਂ ਵਸਣਾ ਹੈ,
ਫੁੱਲ ਲੜਦਾ ਹੈ ਕਿਉਂ ਫਿਰ ਕੰਡੇ ਦੇ ਨਾਲ।

ਜਦਣ ਦੋਹਾਂ ਤੰਦੂਰ ਤੋਂ ਖਾਣੀ ਰੋਟੀ,
ਫਿਰ ਕੰਵਾਰਾ ਕਿਉਂ ਲੜਦਾ ਹੈ ਰੰਡੇ ਦੇ ਨਾਲ।

ਸਿਰ ਦੋਹਾਂ ਜੇ ਦੇਣਾ ਹੈ ਚੱਟੂ ਹੇਠਾਂ,
ਲੜਦਾ ਥੂੰਮ ਕਿਉਂ ਹੈ ਫਿਰ ਗੰਢੇ ਦੇ ਨਾਲ।

ਲਾਹੋ ਦਿਲਾਂ ਦੀ ਮੈਲ ਸਪਕੁੰਝ ਵਾਂਗਣ,
ਅੱਗੇ ਬੜੀਆਂ ਤੁਸਾਂ ਵਿਸਾਂ ਘੋਲੀਆਂ ਨੇ।

ਛੱਡੋ ਸਿੜੀ ਸਿਆਪਾ ਤੇ ਪਾਉ ਭੰਗੜਾ,
ਮੇਰੇ ਵਤਨ ਆਜ਼ਾਦ ਦੀਆਂ ਹੋਲੀਆਂ ਨੇ।

ਦਾੜ੍ਹੀ ਚਟਮ ਕਰਾ ਤੂੰ ਲਖ ਵੇਰੀ,
ਕੋਈ ਮੁੱਛਾਂ ਅਕੜਾਂਦੈ ਅਕੜਾਂਨ ਦੇਹ ਤੂੰ।

ਤੂੰ ਗੁਰਦੁਵਾਰੇ ਜਾ ਕੇ ਕੁੱਟ ਛੈਣੇ,
ਕੋਈ ਟਲ ਖੜਕਾਂਦੈ ਖੜਕਾਣ ਦੇਹ ਤੂੰ।

ਤੂੰ ਤੰਬੀ ਦੇ ਨਾੜੇ ਨੂੰ ਲਾ ਫੁੰਮਣ,
ਕੋਈ ਬਿਰਜਸ ਜੇ ਪਾਂਦੈ ਹੈ ਪਾਣ ਦੇਹ ਤੂੰ।

ਤੂੰ ਬਹਿ ਜਾ ਘਰ ਵਿਚ ਦੜ ਵੱਟ ਕੇ,
ਕੋਈ ਹੋਲੀ ਮੁਨਾਂਦੈ ਮਨਾਣ ਦੇਹ ਤੂੰ।

ਜੇ ਤੂੰ ਬੋਲਣਾ ਮੂੰਹ ਸੰਭਾਲ ਕੇ ਬੋਲ,
ਬੜਾ ਵਖਤ ਪਾਇਆ ਇਨ੍ਹਾਂ ਬੋਲੀਆਂ ਨੇ।

ਛੱਡੋ ਸਿੜੀ ਸਿਆਪਾ ਤੇ ਪਾਓ ਭੰਗੜਾ,
ਮੇਰੇ ਵਤਨ ਆਜ਼ਾਦ ਦੀਆਂ ਹੋਲੀਆਂ ਨੇ।

ਕਰੋ ਮੋਕਲਾ ਦਿਲ ਦਰਿਆ ਵਾਂਗਣ,
ਖ਼ੁਸ਼ੀ ਮਾਣੋ ਆਜ਼ਾਦੀ ਦੇ ਜੀਣੇ ਦੇ ਵਿਚ।

ਨਵੀਂ ਪ੍ਰੇਮ ਦੀ ਦੁਨੀਆਂ ਵਸਾਉ ਆ ਕੇ,
ਇਸ ਦਿਲ ਦੇ ਮੱਕੇ ਮਦੀਨੇ ਦੇ ਵਿਚ।

ਜੇ ਕਰ ਹੱਸੋ ਤਾਂ ਫੁੱਲਾਂ ਦੇ ਵਾਂਗ ਹੱਸੋ,
ਲੱਭਣਾ ਕੁਝ ਨਹੀਂ ਬੁਗਜ਼ ਤੇ ਕੀਨੇ ਦੇ ਵਿਚ।

ਕਿਸੇ ਗ਼ੈਰ ਦੀ ਸੀਟੀ ਤੇ ਚੜ੍ਹ ਕੇ ਤੇ,
ਛੁਰਾ ਮਾਰੋ ਨਾ ਵਤਨ ਦੇ ਸੀਨੇ ਦੇ ਵਿਚ।

ਭੌਰੇ ਆਏ ਤੇ ਲੈ ਗਏ ਹੁਸਨ ਲੁੱਟ ਕੇ,
ਜਦਨ ਗੁੰਚਿਆਂ ਨੇ ਅੱਖਾਂ ਖੋਲ੍ਹੀਆਂ ਨੇ।

ਛੱਡੋ ਸਿੜੀ ਸਿਆਪਾ ਤੇ ਪਾਉ ਭੰਗੜਾ,
ਮੇਰੇ ਵਤਨ ਆਜ਼ਾਦ ਦੀਆਂ ਹੋਲੀਆਂ ਨੇ।

♣

## ਭਾਈਆ ਤਿਲਕ ਪਿਆ-

ਜੇ ਦਿਲ ਭੈੜਾ ਤਿਲਕ ਪਵੇ, ਤਾਂ ਤਿਲਕ ਪੈਂਦਾ ਏ ਧੇਲੇ ਤੋਂ।
ਜੇ ਚੜ੍ਹਦਾ ਏ ਤਾਂ ਪਰਬਤ ਤੇ, ਜੇ ਡਿੱਗਦਾ ਏ ਤਾਂ ਕੇਲੇ ਤੋਂ।

ਦਿਲ ਉਹ ਇਕ ਭੂਲ-ਭੁਲਈਆਂ ਹੈ, ਜਿਦ੍ਹਾ ਭੇਦ ਕਿਸੇ ਨੇ ਬੁੱਝਿਆ ਨਹੀਂ।
ਇਹ ਉਹ ਇੱਕ ਡੂੰਘਾ ਸਾਗਰ ਹੈ, ਜਿਦ੍ਹੀ ਤਹਿ ਤੱਕ ਕੋਈ ਪੁੱਜਿਆ ਨਹੀਂ।

ਸਾਡਾ ਭਾਈਆ ਸਚਮੁਚ ਕੀ ਦੱਸਾਂ, ਇਕ ਬੰਦਾ ਰੰਗ-ਰੰਗੀਲਾ ਸੀ।
ਨਿਰਮਾਨ ਸੇਵਾ ਦਾ ਪੁਤਲਾ ਸੀ, ਗਲੀਆਂ ਦਾ ਕੱਖ ਸੀ, ਤੀਲਾ ਸੀ।

ਜੇ ਸੱਟ ਕਿਸੇ ਨੂੰ ਪੈਂਦੀ ਸੀ, ਦਰਦ ਇਸ ਨੂੰ ਆ ਕੇ ਹੋਂਦਾ ਸੀ।
ਘਰ ਕਿਸੇ ਦੇ ਫੂਹੜੀ ਪੈਂਦੀ ਸੀ, ਇਹ ਸੱਜੀ ਖ਼ਾਰੀ ਰੋਂਦਾ ਸੀ।

ਰਾਹ ਭੁੱਲਿਆਂ ਲਈ ਇਕ ਤਾਰਾ ਸੀ, ਬੇੜੀ ਦਾ ਇਕ ਖਵੱਈਆ ਸੀ।
ਇਕ ਬਟੂਆ ਲੱਭਾ ਭਾਈਏ ਨੂੰ, ਜਿਸ ਵਿਚ ਹਜ਼ਾਰ ਰੁਪਈਆਂ ਸੀ।

ਇਦ੍ਹੇ ਮਨ ਦੇ ਡੂੰਘੇ ਸਾਗਰ ਵਿਚ, ਇਕ ਵਾ-ਵਾਰੋਲਾ ਆ ਰਿਹਾ ਸੀ।
"ਦੜ ਵਟ ਕੇ ਪਾ ਲੈ ਜੇਬੇ ਵਿਚ", ਮਨ ਭਾਈਏ ਦਾ ਭਰਮਾ ਰਿਹਾ ਸੀ।

ਤੇ ਭਾਈਆ ਮੁੜ ਮੁੜ ਕਹਿੰਦਾ ਸੀ, "ਮਨ ਲੋਭੀ! ਵਸਤ ਪਰਾਈ ਹੈ।
ਜੇ ਮਾਲਿਕ ਲੱਭ ਕੇ ਮੋੜ ਦਿਆਂ, ਮੇਰੀ ਏਸੇ ਵਿਚ ਵਡਿਆਈ ਹੈ।"

ਮਨ ਆਖੇ, "ਭਾਈਆ! ਜਾਣ ਵੀ ਦੇਹ, ਕੀ ਉਲਟਾ ਕਾਰਾ ਕਰਨਾਂ ਏਂ?
ਤੂੰ ਸੰਨ੍ਹ ਕਿਸੇ ਦੀ ਮਾਰੀ ਨਹੀਂ, ਫਿਰ ਕਿਸ ਕੋਲੋਂ ਪਿਆ ਡਰਨਾਂ ਏਂ?'

ਹਰ ਰੋਜ਼ ਕਿਸੇ ਦੀ ਕਿਸਮਤ ਦੇ, ਫੁੱਲ ਬਾਗਾਂ ਦੇ ਵਿਚ ਖਿਲਦੇ ਨਹੀਂ।
ਤੇਰੀ ਕਿਸਮਤ ਭਾਈਆ! ਜਾਗੀ ਹੈ, ਹਰ ਰੋਜ਼ ਤਾਂ ਬਟੂਏ ਮਿਲਦੇ ਨਹੀਂ।

ਤੂੰ ਤੱਕ ਨਾ ਆਪਣੀ ਵਹੁਟੀ ਦੇ, ਸਿਰ ਪਾਟਿਆ ਹੋਇਆ ਪੱਲ੍ਹਾ ਏ।
ਨਾ ਕੰਨਾਂ ਵਿਚ ਕੋਈ ਕਾਂਟਾ ਹੈ, ਨਾ ਉਂਗਲ ਵਿਚ ਕੋਈ ਛੱਲਾ ਏਂ?
ਦੇਹ ਪੈਨਸ਼ਨ ਘਰ ਦੇ ਦੀਵੇ ਨੂੰ, ਇਹ ਚੰਗਾ ਸਾਥ ਨਿਭਾ ਬੈਠੈ।
ਰੋ ਰੋ ਕੇ ਤੇਰੀ ਕਿਸਮਤ ਤੇ, ਅੱਖਾਂ ਦਾ ਨੂਰ ਗੁਵਾ ਬੈਠੈ।

ਇਕ ਲੈਂਪ ਬਜ਼ਾਰੋਂ ਲੈ ਆ ਤੂੰ, ਕੱਢ ਹੂੰਝ ਕੇ ਘਰੋਂ ਹਨੇਰੇ ਨੂੰ।

ਲਾ ਚਾਰ ਚੰਨ ਤੂੰ ਕਿਸਮਤ ਨੂੰ, ਕਰ ਰੌਸ਼ਨ ਚਾਰ-ਚੁਫੇਰੇ ਨੂੰ।

ਕੁਝ ਲੂਣ ਸਬੂਣ ਤੇ ਕੁਝ ਮਿਰਚਾਂ, ਇਕ ਬੋਰੀ ਲੈ ਆ ਆਟੇ ਦੀ।
ਛਿੱਤਰ ਵੀ ਤੇਰੇ ਪਾਟੇ ਨੀ, ਗੁਰਗਾਬੀ ਲੈ ਆ 'ਬਾਟੇ' ਦੀ।

ਤੇਰੇ ਢਿੱਡ ਵਿਚ ਖ਼ਸ਼ਕੀ ਜੰਮੀਂ ਏਂ, ਖਾ ਖਾ ਕੇ ਸੁੱਕੀਆਂ ਦਾਲਾਂ ਨੂੰ।
ਕੁਝ ਦੇਸੀ ਘੀ ਤੂੰ ਆਪੂੰ ਖਾਹ, ਤੇ ਕੁਝ ਖਵਾ ਸੂ ਬਾਲਾਂ ਨੂੰ।"

ਫਿਰ ਭਾਈਆ ਆਖੇ ਮਨ ਤਾਂਈ, "ਇਹ ਕਦ ਤਕ ਵਸਤੂ ਖਾਵੇਗਾ?
ਦਿਨ ਚਾਰ ਸਵਰਗੀਂ ਕੱਟ ਕੇ ਤੇ, ਫਿਰ ਕਿਹੜੇ ਦੋਜ਼ਖ਼ ਜਾਵੇਂਗਾ?

ਇਹ ਛਿੱਤਰ ਮੇਰਾ ਸਾਥੀ ਏ, ਮੈਨੂੰ ਵੇਖ ਕੇ ਦੁਖੀਆ ਹੋਂਦਾ ਏ।
ਮੈਂ ਇਸ ਨੂੰ ਤੱਕ ਕੇ ਰੋਂਦਾ ਹਾਂ, ਇਹ ਮੈਨੂੰ ਤੱਕ ਕੇ ਰੋਂਦਾ ਏ।

ਜਿਸ ਦਿਨ ਦਾ ਪੈਰੀਂ ਪਾਇਆ ਏ, ਨਹੀਂ ਕਦੀ ਵਿਛੋੜਾ ਹੋਇਆ ਏ।
ਰੱਬ ਅਸਾਂ ਦੋਹਾਂ ਦੀ ਕਿਸਮਤ ਨੂੰ, ਇਕ ਧਾਗੇ ਵਿੱਚ ਪਰੋਇਆ ਏ।

ਤੂੰ ਲੱਖ ਰੋਕਾਂ ਪਿਆ ਪਾ ਮੈਨੂੰ, ਮੈਂ ਇਹਨਾਂ ਕੋਲੋਂ ਰੁਕਦਾ ਨਹੀਂ।
ਇਹ ਇਕ ਹਜ਼ਾਰ ਰੁਪਈਆ ਏ, ਮੈਂ ਲੱਖ ਉੱਤੇ ਵੀ ਥੁੱਕਦਾ ਨਹੀਂ।"

ਭਾਈਏ ਨੂੰ ਪੂਰੀ ਸ਼ਾਂਤੀ ਸੀ, ਆ ਪੁੱਜਾ ਰਬ ਦੇ ਭਾਣੇ ਵਿਚ।
ਉਹ ਬਟੂਆ ਸਾਬਤ ਦੇ ਆਇਆ, ਝੱਟ ਦੌੜ ਪੁਲਸ ਦੇ ਥਾਣੇ ਵਿਚ।

ਕੁਝ ਸਬਜ਼ੀ ਲੈਣ ਦੀ ਖ਼ਾਤਿਰ ਉਹ, ਬਾਜ਼ਾਰ ਦੇ ਅੰਦਰ ਅਟਕ ਗਿਆ।
ਫਿਰ ਮਨ ਦੇ ਅੱਡੇ ਚੜ੍ਹਕੇ 'ਤੇ ਮੇਰਾ ਭਾਈਆ ਰਾਹੋਂ ਭਟਕ ਗਿਆ।

ਦੋ ਫੁੱਲ ਖਰੀਦੇ ਗੋਭੀ ਦੇ, ਜਦ ਭਾਈਆ ਘਰ ਨੂੰ ਜਾਣ ਲੱਗਾ।
ਕੁਝ ਆਲੂ ਚੋਰੀ ਚੁੱਕ ਕੇ ਤੇ, ਆਪਣੇ ਝੋਲੇ ਵਿਚ ਪਾਣ ਲੱਗਾ।
ਕਈ ਰਪਟਾਂ ਅਸੀਂ ਲਿਖੀਆਂ ਹਨ, ਪਰ ਅੱਜ ਦਾ ਕੇਸ ਅਨੋਖਾ ਏ।

ਇਕ ਘੰਟਾ ਪਹਿਲਾਂ ਥਾਣੇ ਵਿਚ, ਇਹ ਜੇਤੂ ਬਣ ਕੇ ਵੜਿਆ ਏ।
ਇਕ ਘੰਟੇ ਪਿੱਛੋਂ ਵੇਖ ਲਵੋ ਚੋਰੀ ਦੇ, ਚੋਰੀ ਦੇ ਜ਼ੁਰਮ 'ਚ ਫੜਿਆ ਏ।"

ਮੇਰਾ ਭਾਈਆ ਰੋ ਰੋ ਕਹਿੰਦਾ ਸੀ, "ਮਨ ਪਾਪੀ ਦਾ ਇਤਬਾਰ ਨਹੀਂ।
ਇਹਨੂੰ ਜਕੜੋ ਨਾਮ ਦੇ ਰੱਸੇ ਵਿਚ, ਇਹ ਬਣਦਾ ਕਿਸੇ ਦਾ ਯਾਰ ਨਹੀਂ।

ਮੈਂ ਮੰਨਣਾ ਚੋਰੀ ਕੀਤੀ ਏ, ਮਨ ਦਿੱਤਾ ਹੈ ਭਰਮਾ ਮੈਨੂੰ।
ਮੈਂ ਜਿਸ ਵੀ ਸਜ਼ਾ ਦੇ ਕਾਬਿਲ ਹਾਂ, ਉਹ ਬੇਸ਼ਕ ਦਿਓ ਸਜ਼ਾ ਮੈਨੂੰ।

ਮੇਰੀ ਹੋਸ਼ ਟਿਕਾਣੇ ਲੱਗ ਜਾਵੇ, ਦੋ ਛਿੱਤਰ ਮਾਰੋ ਤਾਲੂ 'ਤੇ।
ਮੈਂ ਨਾ ਭੁੱਲਿਆ ਤਾਂ ਲੱਖਾਂ 'ਤੇ ਜੇ ਭੁੱਲਿਆ ਹਾਂ ਤਾਂ ਆਲੂ ਤੇ।

ਲੱਗ ਜਾਏ ਨੇਕ ਕਮਾਈ 'ਤੇ, ਸਭ ਧਨ ਮੇਰੇ ਤੇ ਤਨ ਮੇਰਾ।
ਐ 'ਈਸ਼ਰ' ਮੈਨੂੰ ਰੱਖ ਲਵੋ, ਜਦ ਡੋਲਣ ਲੱਗੇ ਮਨ ਮੇਰਾ।"

♣

## ਲੀਡਰੀ

ਨਾ ਸਨ ਮਰੇ ਢੱਗੇ ਵਗਦੇ ਨਾ ਸਾਂ ਮੈਂ ਬਿਉਪਾਰੀ,
ਨਾ ਮੇਰਾ ਕੋਈ ਬਿਜ਼ਨਸ ਹੈਸੀ ਨਾ ਮੇਰੀ ਸ਼ਾਹੂਕਾਰੀ।

ਨਾ ਸੀ ਠੇਕੇਦਾਰੀ ਕਚਹਿਰੀ ਨੌਕਰ ਨਾ ਉਤੋਂ ਕੋਈ ਹੱਟੀ,
ਨਾ ਸਾਂ ਵਿਚ ਕਚਿਹਰੀ ਨੌਕਰ ਨਾ ਉੱਤੋ ਕੋਈ ਖੱਟੀ।

ਸਾਰਾ ਦਿਨ ਮਖੱਟੂ ਵਾਂਗੂੰ ਬਹਿ ਕੇ ਮੱਖੀਆਂ ਮਾਰਾਂ,
ਯਾ ਹੱਥਾਂ ਵਿਚ ਡਾਂਗ ਇਕ ਲੈ ਕੇ ਕਛਦਾ ਫਿਰਾਂ ਬਾਜ਼ਾਰਾਂ।

ਸੋਚ ਸੋਚ ਕੇ ਸੋਚ ਇਹ ਆਈ ਲੀਡਰ ਬਣਨਾ ਚਾਹੀਏ,
ਚਾਰ ਸੌ ਵੀ ਦਾ ਪੇਟਾ ਲੈ ਕੇ ਤਾਣਾ ਤਣਨਾ ਚਾਹੀਏ।

ਪੰਜ ਦਸ ਲੈਕਚਰ ਘੋਟ ਲਏ ਮੈਂ ਜਿਉਂ ਘੁਟਦੀ ਸਰਦਾਰੀ,
ਦੂਹਰੀ ਪੱਗ ਮੈਂ ਸਿਰ ’ਤੇ ਬੱਧੀ ਐਚਕਿਨ ਇਕ ਸਵਾਈ।

ਦਸ ਵੀਹ ਮੁੰਡੇ ਨਾਲ ਲਏ ਮੈਂ ਝੰਡਾ ਹੱਥ ਫੜਾਇਆ,
ਬਿਰਲਾ ਮਿਲ ਦੀ ਲੇਬਿਰ ਅੱਗੇ ਜਾ ਕੇ ਮੋਰਚਾ ਲਾਇਆ।

ਇਕ ਮਾਰਿਆ ਲੈਕਚਰ ਐਸਾ ਮੇਜ਼ ਦੇ ਫੀਤੇ ਉਡੇ,
ਅਸ਼ ਅਸ਼ ਕਰਨ ਲੱਗੇ, ਸਭ ਉਥੇ ਜਾਤਕ ਪੋਤਕ ਬੁੱਢੇ।

ਦਿਲ ਵਿਚ ਮੇਰੇ ਨਿਸਚਾ ਹੈ ਸੀ ਇਹ ਹਨ ਢੱਗੇ ਲੋਲੇ,
ਜ਼ਿੰਦਾਬਾਦ ‘ਈਸ਼ਰ ਸਿੰਘ ਭਾਈਆ’ ਇਕ ਦਮ ਸਾਰੇ ਬੋਲੇ।

ਲਿੱਦ ਮੇਰੀ ਇਹ ਸੁਣ ਕੇ ਫੁੰਡੀ ਆਸ ਮੇਰੀ ਸਭ ਪੁੱਗੀ,
ਦਿਲ ਵਿਚ ਆਖਾਂ ਵਾਹ ਉਏ ਸ਼ੇਰਾ ਫੰਦ ਲਈ ਆ ਘੁੱਗੀ।

ਦੋ ਰੈਜ਼ੂਲੇਸ਼ਨ ਪਾਸ ਕਰਾਏ ਭੇਜਿਆ ਵਿਚ ਅਖ਼ਬਾਰਾਂ,
ਕੁਝ ਗੁੱਡੀ ਅਖਬਾਰਾਂ ਚਾੜ੍ਹੀ ਕੁਝ ਚੜ੍ਹਾਈ ਯਾਰਾਂ।

ਕਈ ਪਤਵੰਤੇ ਘਰ ਵਿਚ ਮੇਰੇ ਫੇਰੇ ਪਾਵਣ ਲੱਗੇ,
ਅੱਗੋਂ ਪਿੱਛੋਂ ਦੂਰ ਦੁਰੇਡਿਉਂ, ਸੱਦੇ ਆਵਣ ਲੱਗੇ।

ਥਾਂ ਥਾਂ ਜਾ ਕੇ ਲੈਕਚਰ ਛੱਡੇ ਦੇ ਦੇ ਖ਼ੂਬ ਦਲੀਲਾਂ,

ਚੰਗੇ ਗੱਫੇ ਆਵਣ ਲੱਗੇ ਜਦ ਮੈਂ ਕਰਾਂ ਅਪੀਲਾਂ।

ਅੱਗੇ ਪਕਦੀ ਦਾਲ ਮਸਰ ਦੀ ਦੋਏ ਵੇਲੇ ਵਿਚ ਡੇਰੇ,
ਹੁਣ ਕੁਕੜ ਦੀਆਂ ਗਾਹੜਾਂ ਲੱਗਣ ਮੱਛੀ ਅਤੇ ਬਟੇਰੇ

ਵਾਹ ਲੀਡਰੀ ਮੈਂ ਹਾਂ ਸਦਕੇ ਜਦ ਦੀ ਤੂੰ ਏਂ ਲੱਭੀ,
ਮੁੱਛ ਮੇਰੀ ਹੈ ਫੜਕਣ ਲੱਗੀ ਚੜ੍ਹ ਮੇਰੀ ਹੈ ਫੱਬੀ।

ਜਿੱਥੇ ਜਾਵਾਂ ਅੱਗੋਂ ਆਵਣ ਬਘੀਆਂ ਮੋਟਰ ਕਾਰਾਂ,
ਗਿਰਗਟ ਵਾਂਗਣ ਦਿਨ ਤੇ ਰਾਤੀਂ ਕਈ ਕਈ ਵੇਸ ਮੈਂ ਧਾਰਾ।

ਇਕ ਦਿਨ ਸੂਹੀ ਪਗੜੀ ਵਾਲਾ ਦੂਰੂੰ ਨਜ਼ਰੀ ਆਇਆ,
ਛੁੱਟੀ ਆਣ ਤਰੇਲੀ ਮੈਨੂੰ ਜੀ ਮੇਰਾ ਘਬਰਾਇਆ।

ਤਕਿਆ ਕੁਝ ਮੈਂ ਦਾਲ ਵਿਚ ਕਾਲਾ ਦਿੱਲੀ ਛੱਡ ਕੇ ਨਸਿਆ,
ਕੋਠੀ ਇਕ ਬਣਾ ਕੇ ਸੋਹਣੀ ਜਾ ਕਲਕਤੇ ਵਸਿਆ।

ਲੋਕੀ ਖਾਵਨ ਸਿਰ ਖਸਮਾਂ ਦਾ ਅਸੀਂ ਹਾਂ ਮੌਜਾਂ ਕਰਦੇ,
ਛੱਤੀ ਪਦਾਰਥ ਮਿਲ ਰਹੇ ਨੇ ਰੋਗਨ ਜੋਸ਼ ਤੇ ਜ਼ਰਦੇ।

ਹੁਣ 'ਈਸ਼ਰ' ਮੁਹਤਾਜੀਕੀ ਏ ਕਈ ਪਈਆਂ ਚਲਦੀਆਂ ਕਾਰਾਂ,
ਟੰਗ ਉਤੇ ਮੈਂ ਟੰਗ ਹੁਣ ਰੱਖ ਕੇ ਦਿਨ ਪਿਆ ਖੂਬ ਗੁਜ਼ਾਰਾਂ।

♣

## ਨੂੰਹ ਸੱਸ

ਜਿਸ ਦਿਨ ਤੋਂ ਮੈਨੂੰ ਵਹੁਟੀ ਚੰਮੜੀਹ,
ਉਡ ਗਈ ਘਰ ਦੀ ਖੇਹ ਤੇ ਖੰਬੜੀ।

ਘਰ ਵਿਚ ਕੀਤਾ ਇਸ ਉਜਾੜਾ,
ਵਹੁਟੀ ਨਹੀਂ ਹੱਡੀਆਂ ਦਾ ਸਾੜਾ।

ਲੂਹ ਸੁੱਟਿਆ ਇਸ ਮੈਨੂੰ ਤੱਤੀ,
ਕੋਹੜ ਕਿਰਲੀ ਵਿਚ ਗਲ ਦੇ ਫੱਥੀ।

ਨਾ ਅੰਦਰ ਨਾ ਬਾਹਰ ਜਾਂਦੀ,
ਸੰਘ ਵਿਚ ਬੈਠੀ ਸਿਰੀ ਹਿਲਾਂਦੀ।

ਪੈਰ ਮੇਰਾ ਜਦ ਘਰ ਵਿਚ ਪੋਂਦਾ,
ਜਰਮਨ ਦਾ ਜੰਗ ਛਿੜਿਆ ਹੋਂਦਾ।

ਦਿਲ ਮੇਰਾ ਹੋ ਜਾਂਦਾ ਖੱਟਾ,
ਭਾਬੋ ਇਟ ਤੇ ਭਾਬੋ ਵੱਟਾ।

ਡਾਢੀਆਂ ਸਨ ਇਹ ਦੋਵੇਂ ਜਣੀਆਂ,
ਇਕ ਮਿੱਟੀ ਦੀਆਂ ਦੋਵੇਂ ਬਣੀਆਂ।

ਵਹੁਟੀ ਸੀ ਨਾ ਗੋਲੀ ਕੱਚੀ,
ਭਾਬੋ ਵੀ ਸੀ ਜਣੇਂ ਦੀ ਬੱਚੀ।

ਬੁਰਦਾ ਬੁਰਦੀ ਫਕੜ ਫ਼ਕਣ,
ਲੜ ਲੜ ਕੇ ਨਾ ਦੋਵੇਂ ਥਕਣ।

ਜਿਸ ਤਰ੍ਹਾਂ ਹੁੰਦੇ ਨੇ ਲੋਹੇ ਲਾਖੇ,
ਦੰਦੀਆਂ ਪੀਹ ਕੇ ਭਾਬੋ ਆਖੇ।

ਜਦ ਤੋਂ ਆਈ ਹੈ ਖਸਮਾ ਖਾਣੀ,
ਸੁੱਕ ਗਿਆ ਮੇਰੇ ਘੜੇ ਦਾ ਪਾਣੀ।

ਸੁਖ ਨਹੀਂ ਪਾਇਆ ਅਸਾਂ ਨੇ ਰਤੀ,
ਜਦ ਦੀ ਆਈ ਹੈ ਭੈੜ ਭੜੱਥੀ।

ਅੰਦਰੋਂ ਕਾਲੀਏ ਬਾਹਰੋਂ ਚਿੱਟੀਏ,
ਦਫਾ ਹੋ ਭਰਾ ਪਿਉ ਪਿਟੀਏ।

ਇਹ ਭੈੜੀ ਇਕ ਝੂਠ ਦੀ ਪੰਡ ਹੈ,
ਘਰ ਵਿਚ ਭੈੜੀ ਸੰਢ ਦੀ ਸੰਢ ਹੈ।

ਅਸੀਂ ਵੀ ਕਰਮਾਂ ਨੂੰ ਪਏ ਰੋਂਦੇ,
ਪੈਰ ਨਹੀਂ ਇਸ ਭਾਰੇ ਹੋਂਦੇ।

ਵਹੁਟੀ ਜਿਸ ਦਿਨ ਦਾਲ ਜੋ ਚਾੜ੍ਹੇ,
ਭਾਬੋ ਛੁਪ ਕੇ ਵੇਲਾ ਤਾੜ੍ਹੇ।

ਉਹਦੇ ਨਾਲ ਕਰੇ ਇਉਂ ਧੱਕਾ,
ਸੁਟ ਜਾਏ ਦਾਲ ਵਿਚ ਲੂਣ ਦਾ ਫ਼ੱਕਾ।

ਰਾਤੀਂ ਭਾਬੋ ਇੰਝ ਸੁਣਾਂਦੀ,
ਦਾਲ ਚਾੜ੍ਹਨੀ ਇਹਨੂੰ ਨਹੀਂ ਆਂਦੀ।

ਭੈੜੀ ਮਾਂ ਕੀ ਚਜ ਸਿਖਾਇਆ,
ਸਾਡੇ ਪਿੜ ਇਸ ਖੋਤਾ ਪਾਇਆ।

ਇਹ ਨਿਰੀ ਹੈ ਖਾਣ ਦੀ ਪੱਟੀ,
ਹੈ ਗੰਵਾਰਣ ਪਿੰਡ ਦੀ ਜੱਟੀ।

ਵਹੁਟੀ ਨੂੰ ਜਦ ਦਾਅ ਲੱਗ ਜਾਏ,
ਬੁਕ ਮਿਰਚਾਂ ਦਾ ਸਾਗ ਵਿਚ ਪਾਏ।

ਸੱਸ ਨੂੰ ਥਾਂ ਥਾਂ ਭੰਡਦੀ ਫਿਰਦੀ,
ਘਰ ਦੀ ਖ਼ੁਸ਼ਬੂ ਵੰਡਦੀ ਫਿਰਦੀ।

ਆਖੇ ਸੱਸ ਨੂੰ ਰਹੋ ਨੀ ਢੱਕੀ,
ਤੇਰੇ ਜਿਹੀ ਕੋਈ ਸੱਸ ਨਹੀਂ ਤੱਕੀ।

ਮੇਰੇ ਖ਼ਸਮ ਦੀਆਂ ਖੱਟੀਆਂ ਖਾਏ,
ਫਿਰ ਮੈਨੂੰ ਪਈ ਅੱਖ ਵਿਖਾਏ।

ਅੱਖੀਂ ਗਿਡ ਤੇ ਨਕ ਤੇਰਾ ਵਗਨੈ,
ਮੇਰਾ ਖਸਮ ਕੀ ਤੇਰਾ ਲਗਨੈ।

ਇਉਂ ਤੇਰਾ ਹੈ ਭੈੜਾ ਮੱਥਾ,
ਜਿਵੇਂ ਜਿੰਨ ਪਹਾੜੋਂ ਲੱਥਾ।

ਸਾੜ ਸੁਟਿਆ ਈ ਜੀ ਮੇਰਾ ਤੱਤੀਏ,
ਮੇਰੇ ਘਰੋਂ ਤੂੰ ਨਿਕਲ ਕੁਪੱਤੀਏ।

ਤੁਸੀਂ ਦੱਸੋ ਹੁਣ ਮੈਂ ਕੀ ਕਰਦਾ,
ਨਾ ਮੈਂ ਜੀਂਵਦਾ ਨਾ ਮੈਂ ਮਰਦਾ।

ਕਿਸ ਦੇ ਸਿਰ ’ਤੇ ਦੋਸ਼ ਮੈਂ ਜੜ੍ਹਦਾ,
ਕਿਥੇ ਜਾ ਕੇ ਫਾਹੇ ਚੜ੍ਹਦਾ।

ਉਹਨੂੰ ਕਵ੍ਹਾਂ ਤਾਂ ਮੇਰੀ ਮਾਂ ਸੀ,
ਘਣੇ ਬੋਹੜ ਦੀ ਸ਼ੀਤਲ ਛਾਂ ਸੀ।

ਇਹਨੂੰ ਕਵ੍ਹਾਂ ਤਾਂ ਪੈਂਦੀ ਭੂਹੜੀ,
ਨਿਰੀ ਪੁਰੀ ਸੀ ਇਕ ਧਰਮੂੜੀ।

ਘਰ ਦੇ ਵਿਚ ਨਾ ਗਲ ਕੋਈ ਹੁੰਦੀ,
ਜਦ ਵੇਖਾਂ ਘਰ ਕਲ ਕਲ ਹੁੰਦੀ।

ਰੋਟੀ ਪਕਦੀ ਸੀ ਇਕ ਡੰਗੀ,
ਵਹੁਟੀ ਮੰਜੀ ਲਏ ਧਰੰਗੀ।

ਇਕ ਦਿਨ ਦਫ਼ਤਰ ਤੋਂ ਮੈਂ ਆਇਆ,
ਵਿਹੜੇ ਦੇ ਵਿਚ ਪੈਰ ਜਾਂ ਪਾਇਆ।

ਅੰਦਰ ਮਚਿਆ ਹੋਇਆ ਸੀ ਰੌਲਾ,
ਹੋ ਰਿਹਾ ਸੀ ਛਿਤਰ ਪੌਲਾ।

ਲੋਕੀ ਖੜੇ ਸੀ ਚਾਰ ਚੁਫੇਰੇ,
ਕੋਈ ਹੇਠਾਂ ਕੋਈ ਉਤੇ ਬਨੇਰੇ।

ਵੇਖ ਕੇ ਪਾਣੀ ਹੱਦੋਂ ਟਪਿਆ,
ਅੰਦਰ ਵੜ ਕੇ ਚਾਕੂ ਨਪਿਆ।

ਜੀਵਨ ਆਪਣਾ ਡੋਬ ਲਿਆ ਮੈਂ,
ਪੇਟ ਦੇ ਅੰਦਰ ਖੋਭ ਲਿਆ ਮੈਂ।

ਹਸਪਤਾਲ ਵਿਚ ਜਾ ਕੇ ਢੱਠਾ,
ਰੌਲਾ ਘਰ ਵਿਚ ਹੋ ਗਿਆ ਮੱਠਾ।

ਔਖਾ ਹੋ ਕੇ ਛੁਟਿਆ ਪੱਲਾ,
ਘਰ ਵਿਚ ਰਿਹਾ ਛਾਪ ਨਾ ਛੱਲਾ।

ਫਿਰ ਮੁਕੱਦਮਾ ਮੈਂ ’ਤੇ ਚਲਿਆ,
ਛੇ ਮਹੀਨੇ ਜੇਹਲ ਵਿਚ ਗਲਿਆ।

ਆਈਆਂ ਰਾਸ ਤਕੜੀ ਦੀਆਂ ਡੰਡੀਆਂ,
ਦੋਵੇਂ ਬਹਿ ਗਈਆਂ ਹੋ ਕੇ ਠੰਡੀਆਂ।

ਉਡਣ ਮਗਰੋਂ ਡਾਰ ਕੀ ਪੁਛਨੈਂ,
ਸਿਰ ਮੁਨਾ ਕੇ ਵਾਰ ਕੀ ਪੁਛਨੈਂ।

♣

# ਅੱਜ ਕਲ੍ਹ ਦਾ ਮਜ਼੍ਹਬ

ਅੱਜ ਕਲ੍ਹ ਤਾ ਮਜ਼੍ਹਬ ਹੈ ਪੀਣਾ ਪਿਲਾਣਾ,
ਮੁੱਛਾਂ ਨੂੰ ਤਾਆ ਦੇ ਕੇ ਛਕਣਾ ਛਕਾਣਾ।

ਗਰੀਬਾਂ ਦੀ ਦੌਲਤ ਅੱਖਾਂ ਬੰਨ੍ਹ ਕੇ ਲੁੱਟਣੀ,
ਕੁੱਟ ਕੁੱਟ ਕੇ ਛੈਣੇ ਦੀ ਜਹੁ ਮਾਰ ਸੁੱਟਣੀ।

ਮੁੱਖ ਤੋਂ ਉਚਰਨਾ ਕਿ ਬਾਣੀ ਹੈ ਰੱਬੀ,
ਸੱਜੀ ਮਾਰਨੀ ਦਸ ਕੇ ਲੋਕਾਂ ਨੂੰ ਖੱਬੀ।

ਚਲੋ ਝੂਮਦੇ ਝਾਮਦੇ ਵਾਂਗ ਹਾਥੀ,
ਤੇ ਗੁੰਡੇ ਹਮੇਸ਼ਾਂ ਰੱਖੋ, ਨਾਲ ਸਾਥੀ।

ਚੰਗੀ ਤਰ੍ਹਾਂ ਲੈਕਚਰ ਦੀ ਜੜ੍ਹ ਪੁੱਟ ਕੇ ਸੁੱਟੋ,
ਇਕ ਵੇਰੀ ਕੈਂਚੀ ਦੇ ਪਰ ਕੱਟ ਕੇ ਸੁੱਟੋ।

ਮਾਰੋ ਹੱਥ ਮੇਜ਼ਾਂ ’ਤੇ ਮੇਜ਼ਾਂ ਨੂੰ ਤੋੜੋ,
ਰੱਬ ਆਸਰੇ ਕੰਮ ਦੀ ਬੇੜੀ ਰੋਹੜੋ।

ਹੱਥਾਂ ਵਿਚ ਪਤਲੀ ਛੜੀ ਨੱਪ ਕੇ ਨਿਕਲੋ,
ਦਾਹੜੀ ਵਿਚ ਫਿਕਸੋ ਚੰਗੀ ਥਪ ਕੇ ਨਿਕਲੋ।

ਚੰਗੀ ਤਰ੍ਹਾਂ ਜੇ ਤੁਸੀਂ ਹਾਜ਼ਰ ਜਵਾਬ ਹੋ,
ਫਿਰ ਤੁਸੀਂ ਲੀਡਰ ਪੂਰੇ ਕਾਮਯਾਬ ਹੋ।

ਜੇ ਬਣਨਾ ਹੈ ਮੈਂਬਰ ਬਣੋ ਮਾਸੀ ਬਿੱਲੀ,
ਜਿਦ੍ਹੇ ਕੋਲ ਜਾਉ ਠੁਕੋ ਵਾਂਗ ਕਿੱਲੀ।

ਜ਼ਰਾ ਦੇਰ ਲਈ ਕਰੋਧ ਨੂੰ ਛੋੜ ਦੇਵੋ,
ਜੇ ਮਿਲ ਜਾਏ ਭੰਗੀ ਤਾਂ ਹੱਥ ਜੋੜ ਦੇਵੋ।

ਮਿਲੇ ਕੋਈ ਵੋਟਰ ਤਾਂ ਬਣ ਜਾਓ ਪੁੱਤਰ,
ਜੇ ਜੁਤੀਆਂ ਵੀ ਮਾਰੇ ਤਾਂ ਦੇਵੋ ਨਾ ਉਤਰ।

ਦਿਨੇ ਰਾਤ ਉਹਨਾਂ ਦੇ ਘਰ ਪਾਓ ਫੇਰੇ,
ਕਹੋ ਮਾਈ ਬਾਪ ਅਸੀਂ ਦਾਸ ਤੇਰੇ।

ਮਿਲੇ ਮੈਂਬਰੀ ਫਿਰ ਅੱਖਾਂ ਵਿਖਾਓ,
ਮਿਲਣ ਕੋਈ ਆਵੇ ਤਾਂ ਬਾਹਰ ਬਿਠਓ।

ਕਹੋ 'ਫੂਲੋਂ ਕਾ ਵਕਤ ਖਿਲਨੇ ਕਾ ਨਹੀਂ ਹੈ',
ਮੇਰੇ ਪਾਸ ਅਬ ਵਕਤ ਮਿਲਨੇ ਕਾ ਨਹੀਂ ਹੈ।

ਨਾ ਲਾਓ ਕਿਸੇ ਦੀ ਵੀ ਬੇੜੀ ਕਿਨਾਰੇ,
ਕੰਮ ਕੋਈ ਆਖੇ ਲਾਓ ਲੱਪੇ ਲਾਰੇ।

ਜਿੰਨਾ ਖਰਚ ਕੀਤਾ ਹੈ ਦੂਣਾ ਕਮਾ ਲੌਂ,
ਦੌਲਤ ਦੀ ਗੰਗਾ ਵਿਚ ਟੁੱਬੀਆਂ ਲਾ ਲੌਂ।

ਕਰੋ ਦੂਣੇਂ ਚੌਣੇ ਤੇ ਪੈਸਾ ਨਾ ਛੱਡੋ,
ਰਕਮ ਵੋਟਰਾਂ ਦੇ ਸਿਰਾਂ ਵਿਚੋਂ ਕੱਢੋ।

ਜੇ ਬਣਨਾ ਹੈ ਸਾਧੂ ਤਾਂ ਮਾਈਆਂ ਨੂੰ ਢੰਗੋ,
ਗੇਰੀ ਨਾਲ ਲੀੜੇ ਗਟਾ ਗੂਟ ਰੰਗੋ।

ਨਾ ਰੋਟੀ ਦੇ ਪੈਸਨ ਕੋਈ ਟੰਟੇ ਝਗੜੇ,
ਭੰਗਾਂ ਦੇ ਲਾਵੋ ਦਿਵਸ ਰਾਤ ਰਗੜੇ।

ਕਦੀ ਮੋਨ ਧਾਰੋ ਕਦੀ ਹੰਝੂ ਕੇਰੋ,
ਕਦੀ ਮਾਲਾ ਸਿੱਧੀ ਕਦੀ ਪੁੱਠੀ ਫੇਰੋ।

ਸਾਧੂ ਬਣਨ ਦੀ ਫੀਸ ਚੰਦਾ ਨਹੀਂ ਹੈ,
ਇਹ ਚੰਗਾ ਹੈ ਬਿਜ਼ਨਸ ਕੋਈ ਮੰਦਾ ਨਹੀਂ ਹੈ।

ਜੇ ਅਫ਼ਸਰ ਬਣੋ ਹੰਸਾਵਾਦੀ ਸਦਾਓ,
ਤੇ ਉਤਲੇ ਮਜਾਵਰਾਂ ਨੂੰ ਭੇਟ ਚੜਾਓ।

ਕਹੋ ਲੋਕਾਂ ਤਾਈ ਸਦਾ ਪੂਰਾ ਤੋਲੋ,
ਜੇ ਖੁਦ ਲੋੜ ਹੋਵੇ ਤਾਂ ਸੌ ਝੂਠ ਬੋਲੋ।

ਨਾ ਪਰਵਾਹ ਕਰੋ ਰੱਬ ਤੱਕਦਾ ਨਹੀਂ ਏਂ,
ਜੇ ਤਕਦਾ ਵੀ ਹੈ ਬੋਲ ਸਕਦਾ ਨਹੀਂ ਏ।

ਜੇ ਬਣਨਾ ਹੈ ਪ੍ਰੇਮੀ ਤਾਂ ਦਾਅ ਉੱਤੇ ਹੋ ਰਹੋ,
ਸਿਨੇਮੇ ਦੇ ਬੂਹੇ 'ਤੇ ਜਾ ਕੇ ਖਲੋ ਰਹੋ।

ਹੋ ਕੇ ਅਟੈਨਸ਼ਿਨ ਜ਼ਰਾ ਮੁੱਛ ਮਰੋੜੋ,
ਢਿੱਲੀ ਮਨ ਦੇ ਘੋੜੇ ਦੀ ਕੁੱਝ ਵਾਗ ਛੋੜੋ।

ਕੋਈ ਮਿਸ ਫ਼ੱਤੋ ਜ਼ਰਾ ਹੱਸ ਕੇ ਲੰਘੇ,
ਤਾਂ ਸਮਝੋ ਕਿ ਫ਼ਸ ਗਈ ਹੈ ਵਿਚ ਖੋਤੀ ਢੱਗੇ।

ਘਰ ਆ ਕੇ ਫ਼ਰਜ਼ੀ ਤਸੱਵਰ ਜਮਾਓ,
ਵੱੜੇ ਨਾਲ ਥੁਕਾਂ ਦੇ ਬਹਿ ਕੇ ਪਕਾਉ।

ਇਸ ਵੇਲੇ ਪਿਆਰੀ ਉਹ ਕੀ ਕਰਦੀ ਹੋਸੀ,
ਜਿਵੇਂ ਮਰਦਾ ਮੈਂ ਹਾਂ ਇਉਂ ਮਰਦੀ ਹੋਸੀ।

ਟੁਟੀ ਪ੍ਰੇਮ ਦੀ ਡੋਰ ਨੂੰ ਗੰਢ ਦੇਵੋ,
ਜੇ ਪੈ ਜਾਣ ਛਿੱਤਰ ਤਾਂ ਸਿਰ ਫੰਡ ਦੇਵੋ।

ਜਾਓ ਵਿਚ ਸਵਾਲੇ ਗਲੇ ਪੱਲਾ ਪਾਓ,
ਕਰੋ ਖ਼ੁਸ਼ ਗੁਰੂ ਨੂੰ ਚੜ੍ਹਾਵਾ ਚੜ੍ਹਾਓ।

ਨਾ ਸਮਝੋ ਜ਼ਰਾ ਵੀ ਇਹਨੂੰ ਕੋਈ ਟੰਟਾ,
ਮੱਥਾ ਖੂਬ ਰਗੜੋ ਪੂਰਾ ਅੱਧਾ ਘੰਟਾ।

ਅੱਜ ਕਲ੍ਹ ਦਾ ਮਜ਼੍ਹਬ ਹੈ ਪੀਣਾ ਪਿਲਾਣਾ,
ਮੁੱਛਾਂ ਨੂੰ ਤਾਅ ਦੇ ਕੇ ਛਕਣਾ ਛਕਾਣਾ।

♣

# ਅੱਜ ਕਲ੍ਹ ਦੀ ਤਹਿਜ਼ੀਬ

ਭਾਰਤ ਵਰਸ਼ ਨਾ ਕੋਈ ਤੇਰਾ ਸਾਨੀ,
ਕਿੱਥੇ ਤੇਰੀ ਤਹਿਜ਼ੀਬ ਪਿਛਲੀ ਪੁਰਾਨੀ।

ਹੈ ਖ਼ਤਰੇ ਵਿਚ ਮਜ਼੍ਹਬ ਨਾ ਸੀ ਸ਼ੋਰ ਕੋਈ,
ਨਾ ਡਾਕੂ ਨਾ ਰਾਹਜ਼ਨ ਨਾ ਸੀ ਚੋਰ ਕੋਈ।

ਕਿਸੇ ਦਾ ਕਿਸੇ 'ਤੇ ਨਾ ਸੀ ਕੋਈ ਸਾੜਾ,
ਨਾ ਹਤਿਆ ਨਾ ਧੱਕਾ ਨਾ ਲੋਟੀ ਨਾ ਧਾੜਾ।

ਸੀਨੇ 'ਤੇ ਕਾਲਾ ਬੁਗਜ਼ ਦਾ ਨਾਂ ਤਿਲ ਸੀ,
ਪਵਿਤਰ ਤੇ ਨਿਰਮਲ ਸ਼ੀਸ਼ੇ ਵਾਂਗ ਦਿਲ ਸੀ।

ਤਹਿਜ਼ੀਬ ਅੱਜ ਤੇਰੀ ਨੰਗੀ ਖੜੀ ਹੈ,
ਚੱਪਾ ਚੱਪਾ ਅੱਜ ਮੈਲ ਦਿਲ 'ਤੇ ਚੜ੍ਹੀ ਹੈ।

ਐ ਮੇਰੇ ਮਿੱਤਰ ਐ ਮੇਰੇ ਜਾਨੀ,
ਤਹਿਜ਼ੀਬ ਦੀ ਅੱਜ ਸੁਣ ਲੈ ਨਿਸ਼ਾਨੀ।

ਮੰਜੇ 'ਤੇ ਮਹਿਮਾਨ ਅੱਜ ਜੇ ਬਠਾਓ,
ਕੌਲਾਂ ਗਲਾਸਾਂ ਵਿਚ ਪਾਣੀ ਪਿਲਾਓ।

ਚਾਹ ਨਾਲ ਦੇਵੋ ਪਰਾਂਠਾ ਪਕਾ ਕੇ,
ਪਰਾਠੇ 'ਤੇ ਮੱਖਣ ਦੇਵੋ ਉਸ ਨੂੰ ਲਾ ਕੇ।

ਪਰਾਂਠਾ ਵੀ ਦੇਵੋ ਘਿਓ ਨਾਲ ਗੁੱਧਾ,
ਚਾਹ ਵਿਚ ਜੇ ਪਾਓ ਛੱਨਾਂ ਪੂਰਾ ਦੁੱਧ ਦਾ।

ਉਹ ਸਮਝੇਗਾ ਮੂਰਖ ਨਿਰਾ ਇਕ ਪਹਾੜੀ,
ਧੁੱਪਾਂ ਵਿਚ ਕੀਤੀ ਇਹਨੇ ਚਿੱਟੀ ਦਾਹੜੀ।

ਜਿਧੇ ਘਰ ਨਹੀਂ ਅੱਜ ਪਿਰਚ ਪਿਆਲੀ,
ਤਰੱਟੀ ਸਮਝ ਲੌ ਉਹਨੇ ਆਪਣੀ ਗਾਲੀ।

ਆਏ ਘਰ ਕੋਈ ਕੁਰਸੀ ’ਤੇ ਬਿਠਾਓ,
ਛੁਰੀਆਂ ਤੇ ਕਾਂਟੇ ਮੇਜ਼ਾਂ ’ਤੇ ਲਗਾਓ।

ਟੀ ਉਸ ਨੂੰ ਟੀ ਸੈਟ ਦੇ ਅੰਦਰ ਪਿਲਾਓ,
ਇਕ ਚਮਚਾ ਯਾ ਫੂੰਹ ਦੂਧ ਦੀ ਮਿਲਾਓ।

ਕੁੜੀਆਂ ਦਾ ਸਿਰ ਨੰਗਾ ਚਲਨਾ ਤਹਿਜ਼ੀਬ ਹੈ,
ਧੂੜੇ ਦਾ ਮੁਖੜੇ ’ਤੇ ਮਲਣਾ ਤਹਿਜ਼ੀਬ ਹੈ।

ਆਯਾ ਕੋਲ ਛੱਡ ਜਾਣੀ ਬੇਬੀ ਤਹਿਜ਼ੀਬ ਹੈ,
ਜੂੜਾ ਕਰਨਾ ਸਿਰ ’ਤੇ ਜਲੇਬੀ ਤਹਿਜ਼ੀਬ ਹੈ।

ਪਗ ਦੇ ਬਿਨਾਂ ਫਿਰਨਾ ਨੰਗਾ ਤਹਿਜ਼ੀਬ ਹੈ,
ਰਾਹ ਜਾਂਦੇ ਨੂੰ ਪਾਣਾ ਢੰਗਾ ਤਹਿਜ਼ੀਬ ਹੈ।

ਕਿਨਾਰਾ ਅਸਾਂ ਕੋਲੋਂ ਦੂਧ ਕਰ ਗਿਆ ਹੈ,
ਲੱਸੀ ਵਿਚਾਰੀ ਦਾ ਪਿਉ ਮਰ ਗਿਆ ਹੈ।

ਸ਼ਰਮ ਮਿਲ ਗਿਆ ਅੱਜ ਹੈ ਪਰਦੇ ਅੰਦਰ,
ਪਰਦਾ ਤਾਂ ਛੁਪ ਗਿਆ ਪਰਦੇ ਅੰਦਰ।

ਬੋਲੀ ਆਪਣੀ ਵਿਚ ਘਰਾਂ ਅੰਦਰ ਝਗੜੋ,
ਠੰਡੀ ਸੜਕ ਜਾਉ ਤਾਂ ਅੰਗਰੇਜ਼ੀ ਰਗੜੋ।

ਗਊਆਂ ਦੀ ਥਾਂ ਰੱਖੋ ਘਰ ਅੰਦਰ ਕੁਤੀਆਂ,
ਤੇ ਚੌਂਕੇ ਵਿਚ ਜਾਉ ਸਣੇ ਪਾ ਕੇ ਜੁੱਤੀਆਂ।

ਜਲਸਾ ਜਾਂ ਸ਼ਾਦੀ ਕਿਤੇ ਜਾਣਾ ਹੋਵੇ,
ਖਾਣਾ ਜੇ ਕਿਸੇ ਦੇ ਘਰ ਖਾਣਾ ਹੋਵੇ।

ਤਹਿਜ਼ੀਬ ਦੀ ਦੂੰਮ ਚੰਗੀ ਤਰ੍ਹਾਂ ਨਪੜੋ,
ਜਾਣਾ ਹੋਵੇ ਛੀ ਵਜੇ ਅੱਠ ਵਜੇ ਅਪੜੋ।

ਜੋ ਜਾਂਦੇ ਨੇ ਮੰਦਰ ਗੁਰੂ ਦੇ ਦੁਵਾਰੇ,
ਸਮਝੋ ਇਹ ਸਾਰੇ ਨੇ ਕਿਸਮਤ ਦੇ ਮਾਰੇ।

ਹਰ ਰੋਜ਼ ਅਸ਼ਨਾਨ ਕਰਨਾ ਗੁਨਾਹ ਹੈ,
ਮੰਦਰ ਦੇ ਵਿਚ ਪੈਰ ਧਰਨਾ ਗੁਨਾਹ ਹੈ।

ਹੋਟਲ ਦੇ ਵਿਚ ਖਾਣਾ ਖਾਣਾ ਤਹਿਜ਼ੀਬ ਹੈ,
ਹਰ ਰੋਜ਼ ਸਿਨੇਮੇ ਜਾਣਾ ਤਹਿਜ਼ੀਬ ਹੈ।

ਜੇ ਤਹਿਜ਼ੀਬ ਦਾ ਇਸ ਤਰ੍ਹਾਂ ਵਾਰ ਹੋਇਆ,
ਤਾਂ ਸਮਝੋ ਭਾਰਤ ਦਾ ਬੇੜਾ ਪਾਰ ਹੋਇਆ।

♣

# ਜਵਾਨੀ

ਜਵਾਨੀ ਮੇਰੀ ਕੀ ਦਸਾਂ, ਕੋਈ ਝੁਰਲੂ ਸੀ ਮਦਾਰੀ ਦਾ।
ਸ਼ਹਾਨਾ ਦਬਦਬਾ ਹੈ ਸੀ, ਇਸ ਚੰਚਲ ਹਾਰੀ ਨਾਰੀ ਦਾ।

ਸੁਹੱਪਣ ਦੀ ਇਹ ਰਾਣੀ ਸੀ, ਪੁਤਲੀ ਨਖਰੇ ਨਾਜ਼ਾਂ ਦੀ।
ਭੱਬਕ ਸੀ ਇਸ ਦੀ ਸ਼ੇਰਾਂ ਦੀ, ਉਡਾਰੀ ਹੈ ਸੀ ਬਾਜ਼ਾਂ ਦੀ।

ਇਹ ਆਈ ਜਗ ਗਏ ਫਾਨੂਸ, ਮਨ ਮੇਰੇ ਉਜਾੜ ਅੰਦਰ।
ਇਕ ਬਿਜਲੀ ਦੀ ਕਰੰਟ ਆਈ, ਮੇਰੀ ਪਜਮੁਰਦਾ ਨਾੜ ਅੰਦਰ।

ਇਸ਼ਕ ਦੀ ਚਾਟ ਤੇ ਬਿਰਹੋਂ, ਹੁਸਨ ਦੀ ਭਾਲ ਲੈ ਆਈ।
ਇਕ ਗੱਡੀ ਭਰ ਕੇ ਅਰਮਾਨਾਂ ਦੀ , ਆਪਣੇ ਨਾਲ ਲੈ ਆਈ।

ਨਾ ਗਰਮੀ ਸੀ ਨਾ ਸਰਦੀ ਸੀ, ਨਾ ਖ਼ੁਸ਼ਕੀ ਸੀ ਨਾ ਬਾਦੀ ਸੀ।
ਉਛਾਲਾ ਸੀ ਸਮੁੰਦਰ ਦਾ ਜਵਾਨੀ ਮੇਰੀ ਕਾਹਦੀ ਸੀ।

ਮੈਂ ਕੀ ਦਸਾਂ ਇਹ ਕੀ ਹੈ ਸੀ, ਇਕ ਐਟਮ ਦਾ ਇਹ ਗੋਲਾ ਸੀ।
ਇਹ ਬਦਲ ਸੀ ਇਹ ਬਿਜਲੀ ਸੀ, ਇਕ ਝਖੜ ਤੇ ਬਗੋਲਾ ਸੀ।

ਜਿਧਰ ਮੂੰਹ ਕੀਤਾ ਵਗ ਤੁਰਿਆ, ਇਕ ਤੂਫ਼ਾ ਦੀ ਰਵਾਨੀ ਸੀ।
ਨਸ਼ਾ ਸੀ ਪੂਰੀ ਬੋਤਲ ਦਾ, ਮੇਰੀ ਕਾਹਦੀ ਜਵਾਨੀ ਸੀ।

ਪਰੋਂਦਾ ਹਾਰ ਹੰਝੂਆਂ ਦੇ, ਕਿਸੇ ਦੇ ਹਾਰ ਨੂੰ ਤਕ ਕੇ।
ਬਿਨ ਆਈ ਖੰਗ ਖੰਗਦਾ ਸਾਂ, ਕਿਸੇ ਮੁਟਿਆਰ ਨੂੰ ਤਕ ਕੇ।

ਮੁਹੱਬਤ ਮੇਰਾ ਪੇਟਾ ਸੀ, ਮੁਹੱਬਤ ਮੇਰਾ ਤਾਣਾ ਸੀ।
ਜਵਾਨੀ ਮੇਰੀ ਕਾਹਦੀ ਸੀ, ਇਹ ਕਾਰੂੰ ਦਾ ਖ਼ਜ਼ਾਨਾ ਸੀ।

ਇਉਂ ਦਿਲ ਮੇਰਾ ਟਿਕਦਾ ਸੀ, ਕਿਸੇ ਗੋਰੀ ਦੇ ਬੁਲ੍ਹ ਉਤੇ।
ਜਿਵੇਂ ਸ਼ਬਨਮ ਦਾ ਕਤਰਾ, ਆ ਕੇ ਟਿਕ ਜਾਂਦੈ ਫੁਲ ਉੱਤੇ।

ਮੇਰਾ ਦਿਲ ਵਢਿਆ ਜਾਂਦਾ ਸੀ, ਇਸ਼ਕ ਦੇ ਤਿੱਖੇ ਆਰੇ ਵਿਚ।
ਕਿਸੇ ਦੀ ਜ਼ੁਲਫ਼ ਉਡਦੀ ਸੀ, ਜਾਂ ਪੀਂਘਾਂ ਦੇ ਹੁਲਾਰੇ ਵਿਚ।

ਨਾ ਚਪੂ ਨਾ ਮੁਹਾਨਾਂ ਸੀ, ਮੇਰੇ ਦਰਿਯਾ ਦੀ ਕਸ਼ਤੀ ਵਿਚ।

ਲੱਖਾਂ ਅਰਮਾਨ ਵਸਦੇ ਸਨ, ਮੇਰੇ ਦਿਲ ਦੀ ਇਸ ਬਸਤੀ ਵਿਚ।

ਕਿਸੇ ਦੀ ਇੰਤਜ਼ਾਰੀ ਵਿਚ, ਕਦੀ ਤੜਫ਼ਾਂ ਮੈਂ ਫਰਸ਼ਾਂ ਤੇ।
ਬਿਨਾਂ ਖੰਭਾਂ ਉਡਾਂਦੀ ਸੀ, ਜਵਾਨੀ ਮੈਨੂੰ ਅਰਸ਼ਾਂ ਤੇ।

ਜੇ ਮਰਦਾ ਹੈ ਮਰੇ ਕੋਈ, ਨਾ ਘਰ ਦਾ ਫਿਕਰ ਹੋਂਦਾ ਸੀ।
ਤਰਿੰਜਨਾ ਵਿਚ ਕਦੀ ਕੁੜੀਆਂ ਦੇ, ਮੇਰਾ ਜ਼ਿਕਰ ਹੋਂਦਾ ਸੀ।

ਜਾਂ ਠੰਡੀ ਸੜਕ ਤੇ ਜਾਵਾਂ, ਸਮਝਦਾ ਮੈਂ ਸਾਹਜ਼ਾਦਾ ਹਾਂ।
ਹਾਂ ਰਾਣੀ ਕੀਨ ਦਾ ਪੁੱਤਰ, ਯਾ ਹਿਟਲਰ ਦਾ ਵੀ ਦਾਦਾ ਹਾਂ।

ਕਦੀ ਇਧਰ ਕਦੀ ਉਧਰ, ਸੋਦਾਈਆਂ ਵਾਂਗ ਭੌਂਦਾ ਸਾਂ।
ਕਈ ਘੰਟੇ *ਸਕੈਂਡਲ ਪਵਾਇੰਟ ਤੇ, ਬੁਤ ਬਣ ਕੇ ਖਲੋਂਦਾ ਸਾਂ।

ਲਹੂ ਹੱਥਾਂ ਤੇ ਚੋਂਦਾ ਸੀ, ਨਾ ਮੁਹਤਾਜੀ ਹਨਾ ਦਾ ਸੀ।
ਬਨਫ਼ਸਾਂ ਦਾ ਹਰੀੜਾਂ ਦੀ, ਮਲੱਠੀ ਨਾ ਸਨਾ ਦੀ ਸੀ।

ਨਾ ਸਿਰ ਤੇ ਭਾਰ ਸੀ ਕੋਈ, ਹਕੀਮਾਂ ਦੇ ਅਹਿਸਾਨਾਂ ਦਾ।
ਮਕਰ ਧੁਜ ਦੀ ਜ਼ਰੂਰਤ ਨਾ, ਨਾ ਡਰ ਸੀ ਕਾਜ਼ਬਾਨਾਂ ਦਾ।

ਜਦ ਢਲ ਜਾਂਦਾ ਸੀ ਸੂਰਜ, ਮੈਂ ਸਮਝਦਾ ਸੀ ਸਵੇਰਾ ਹੈ।
ਮੈਂ ਮੰਦਰ ਨੂੰ ਸਮਝਦਾ ਸਾਂ, ਇਕ ਗੰਢਕੱਪਾਂ ਦਾ ਡੇਰਾ ਹੈ।

ਮੈਨੂੰ ਨਖਰਾ ਸੀ ਛਾਤੀ ਤੇ, ਮੈਨੂੰ ਨਾਜ਼ ਸੀ ਬਾਜੂ ਤੇ।
ਹੁਸਨ ਨੂੰ ਤੋਲਦਾ ਫਿਰਦਾ ਸਾਂ, ਮਨ ਦੇ ਇਸ ਤਰਾਜੂ ’ਤੇ।

ਮੈਂ ਮਿੱਠੇ ਸੁਪਨੇ ਲੈਂਦਾ ਸਾਂ, ਮੁਹੱਬਤ ਦੇ ਚੁਬਾਰੇ ਵਿਚ।
ਨਾ ਭੁਲ ਕੇ ਪੈਰ ਪਾਂਦਾ ਸਾਂ, ਕਦੀ ਵੀ ਗੁਰਦੁਵਾਰੇ ਵਿਚ।

ਕਦੀ ਫਰਹਾਦ ਬਣ ਕੇ, ਸੁਫਨਿਆਂ ਵਿਚ ਨਗ਼ਮੇ ਗਾਂਦਾ ਸੀ।
ਕਦੀ ਸ਼ੀਰੀਂ ਦੇ ਦਰਵਾਜ਼ੇ ’ਤੇ, ਕਟ ਕੇ ਨਹਿਰ ਲਾਂਦਾ ਸੀ।

ਹੈ ਨਾਫ਼ਾ ਜਿਸ ਦੇ ਪੇਟ ਅੰਦਰ, ਜਵਾਨੀ ਮੇਰੀ ਹਿਰਨੀ ਸੀ।
ਪਰੀ ਸੀ ਇਹ ਸਵਰਗਾਂ ਦੀ, ਇਹ ਸੱਚਮੁੱਚ ਜਾਦੂਗਰਨੀ ਸੀ।

ਜਵਾਨੀ ਮੇਰੀ ਹੀਰਾ ਸੀ, ਕਦਰ ਕੀਮਤ ਨਾ ਜਾਨੀ ਮੈਂ,
ਐ ਲੋਕੋ ਭੁਲ ਭੁਲੇਖੇ ਵਿਚ, ਗਵਾ ਬੈਠਾ ਜਵਾਨੀ ਮੈਂ।

*ਸਕੈਂਡਲ ਪਵਾਇੰਟ ਸ਼ਿਮਲੇ ਵਿਚ ਇਕ ਅਜਿਹੀ ਥਾਂ ਹੈ, ਜਿੱਥੇ ਪਿਆਰ ਭਰੇ ਦਿਲ ਗਲਵਕੜੀਆਂ ਪਾਈ ਫਿਰਦੇ ਹਨ।

♣

# ਬਚਪਨ

ਨਾ ਫ਼ਿਕਰ ਸੀ ਪੈਸੇ ਧੇਲੇ ਦਾ, ਨਾ ਸਾਬਣ ਲੂਣ ਤੇ ਆਟੇ ਦਾ।
ਨਾ ਚੜ੍ਹੀ ਲੱਥੀ ਨਾ ਆਦਰ ਦਾ, ਨਾ ਲਾਹਾਂ ਦਾ ਨਾ ਘਾਟੇ ਦਾ।

ਨਾ ਸਾੜ੍ਹੀ ਦਾ ਨਾ ਜੰਪਰ ਦਾ, ਨਾ ਖੁਲ੍ਹੇ ਵਹੁਟੀ ਦੇ ਝਾਟੇ ਦਾ।
ਨਾ ਖਟਨ ਦਾ ਨਾ ਗਾਲਨ ਦਾ, ਨਾ ਸੀਤੇ ਦਾ ਨਾ ਪਾਟੇ ਦਾ।

ਨਾ ਡਰ ਸੀ ਮੇਰੀ ਜੁੱਤੀ ਨੂੰ ਕੋਈ ਘਿਉਂ ਦਾ ਕੁਪਾ ਰੋਹੜ ਦਏ।
ਮੈਂ ਜਿੰਦੜੀ ਉਸ ਤੋਂ ਵਾਰ ਦਿਆਂ, ਜੋ ਬਚਪਨ ਮੇਰਾ ਮੋੜ ਦਏ।

ਦਿਲ ਹੈ ਸੀ ਨਾਜ਼ਕ ਫੁੱਲ ਵਰਗਾ, ਨਾ ਝਿੜਕ ਕਿਸੇ ਦੀ ਸਹਿੰਦਾ ਸਾਂ।
ਕਦੀ ਹੱਸਦਾ ਸਾਂ ਕਦੀ ਰੋਦਾਂ ਸਾਂ, ਕਦੀ ਰਿੜਦਾ ਸਾਂ ਕਦੀ ਢਹਿੰਦਾ ਸਾਂ।

ਉਹ ਪਿਆਰੀ ਸੂਰਤ ਦਿਸਦੀ ਨਹੀਂ, ਮੈਂ ਭਾਪਾ ਜਿਸਨੂੰ ਕਹਿੰਦਾ ਸਾਂ।
ਉਹ ਮਾਂ ਵੀ ਉਹਲੇ ਹੋ ਗਈ ਏ, ਮੈਂ ਝੋਲੀ ਜਿਸਦੀ ਬਹਿੰਦਾ ਸਾਂ।

ਅੱਜ ਵਲ ਮੇਰੇ ਕੋਈ ਤਕਦਾ ਨਹੀਂ, ਪਿਆ ਨਿੰਬੂ ਵਾਂਗ ਨਚੋੜ ਦਏ।
ਮੈਂ ਜਿੰਦੜੀ ਸਾਰੀ ਵਾਰ ਦਿਆਂ, ਜੋ ਬਚਪਨ ਮੇਰਾ ਮੋੜ ਦਏ।

ਨਾ ਡਰ ਸੀ ਮੈਨੂੰ ਗੈਰਾਂ ਦਾ, ਨਾ ਫਿਕਰ ਸੀ ਮੈਨੂੰ ਆਪੇ ਦਾ।
ਨਾ ਮਾਨ ਸੀ ਕੋਈ ਜਵਾਨੀ ਦਾ, ਨਾ ਫ਼ਿਕਰ ਸੀ ਕੋਈ ਬੁਢਾਪੇ ਦਾ।

ਕੋਈ ਮਰਦਾ ਮਰੇ ਤੇ ਮਰੇ ਪਿਆ, ਨਾ ਫ਼ਿਕਰ ਸੀ ਕਿਸੇ ਸਿਆਪੇ ਦਾ।
ਸਵੱਰਗਾਂ ਦੇ ਝੂਟੇ ਦੇਂਦਾ ਸੀ, ਇਕ ਥਾਪੜ ਮੇਰੇ ਭਾਪੇ ਦਾ।

ਕੱਢ ਭਾਪਾ ਡਾਂਗ ਲੈ ਆਂਵਦਾ ਸੀ, ਕੋਈ ਕੰਡਾ ਮੈਨੂੰ ਪੋੜ ਦਏ।
ਮੈਂ ਜਿੰਦੜੀ ਉਸਤੋਂ ਵਾਰ ਦਿਆਂ, ਜੋ ਬਚਪਨ ਮੇਰਾ ਮੋੜ ਦਏ।

ਪਿੜ ਪੈ ਗਿਆ ਅੱਜ ਹੈ ਮੇਰੇ ਹੀ, ਜੋ ਦੁਖੜਾ ਸਾਰੇ ਜਗ ਦਾ ਏ।
ਇਕ ਦਰਜਨ ਮੇਰੇ ਬੱਚੇ ਨੇ, ਹਰ ਇਕ ਪਿਆ ਮੈਨੂੰ ਠਗਦਾ ਏ।

ਸਲਵਾਰ ਕਿਸੇ ਦੀ ਪਾਟੀ ਏ, ਪਿਆ ਨਕ ਕਿਸੇ ਦਾ ਵਗਦਾ ਏ।
ਫਿਟਕਾਰ ਮੈਨੂੰ ਪਿਆ ਦੇਂਦਾ ਏ, ਜੋ ਸ਼ਮਲਾ ਮੇਰੀ ਪਗ ਦਾ ਏ।

ਇਕ ਜਿੰਦੜੀ ਅਤੇ ਲਖ ਦੁੱਖੜੇ ਨੇ ਜੋ ਲਕ ਮੇਰਾ ਤੋੜ ਦਏ।

ਮੈਂ ਜ਼ਿੰਦੜੀ ਉਸ ਤੋਂ ਵਾਰ ਦਿਆਂ, ਜੋ ਬਚਪਨ ਮੇਰਾ ਮੋੜ ਦਏ।

ਖਿੜ ਖਿੜ ਕੇ ਭਾਪਾ ਹੱਸਦਾ ਸੀ, ਜਦ ਚਕ ਮੈਂ ਉਸਨੂੰ ਵੱਢਦਾ ਸਾਂ।
ਆ ਚੋਗਾ ਗੈਰ ਵੀ ਪਾਂਦੇ ਸਨ, ਜਦ ਮੂੰਹ ਮੈਂ ਆਪਣਾ ਅੱਡਦਾ ਸੀ।

ਜੋ ਲੈਣਾ ਲੈ ਕੇ ਰਹਿੰਦਾ ਸਾਂ, ਨਾ ਖਹਿੜਾ ਕਿਸੇ ਦਾ ਛੱਡਦਾ ਸਾਂ।
ਜਾਣ ਦਿਓ ਇਹ ਬੱਚਾ ਹੈ, ਜਦ ਗਾਹਲ ਕਿਸੇ ਨੂੰ ਕੱਢਦਾ ਸਾਂ।

ਅੱਜ ਗਾਹਲ ਕਿਸੇ ਨੂੰ ਕੱਢਾਂ ਮੈਂ, ਉਹ ਬੇੜਾ ਮੇਰਾ ਬੋੜ ਦਏ।
ਮੈਂ ਜ਼ਿੰਦੜੀ ਉਸਤੋਂ ਵਾਰ ਦਿਆਂ, ਜੋ ਬਚਪਨ ਮੇਰਾ ਮੋੜ ਦਏ।

♣

# ਫੈਮਲੀ ਪਲਾਨਿੰਗ

ਫੈਲਮੀ ਪਲਾਨਿੰਗ ਦਾ ਪਤਾ ਏ ਕੀ ਅਰਥ ਹੋਂਦੇ,
ਆਵਣ ਵਾਲੀ ਨਫ਼ਰੀ ਨੂੰ ਚਿੱਠੀ ਭਜਵਾ ਦਿਓ।

ਤੁਸਾਂ ਦੇ ਆਵਣੇ ਦੀ ਹੁਣ ਕੋਈ ਲੋੜ ਨਹੀਂ,
ਆਵਣੇ ਦਾ ਟੂਰ ਝਟ ਕੈਨਸਿਲ ਕਰਾ ਦਿਓ।

ਸਾਡੇ ਕੋਲ ਬਹਿਣ ਦੀ ਵੀ ਥਾਂ ਹੁਣ ਰਹੀ ਨਹੀਂ,
ਹੋਰ ਕਿਸੇ ਵਲ ਤੁਸੀਂ ਬਿਗਲ ਬਜਾ ਦਿਓ।

ਖੇਚਲ ਨਾ ਕਰੋ ਤੁਸੀਂ ਸਾਡੇ ਕੋਲ ਆਵਣੇ ਦੀ,
ਜਿਸ ਥਾਂ ’ਤੇ ਬੈਠੇ ਹੋ ਬਸਤੀ ਬਸਾ ਦਿਓ।

ਅਸੀਂ ਜਿਹੜੇ ਜੰਮ ਪਏ ਹਾਂ ਕਿਸਮਤ ਨੂੰ ਰੋ ਰਹੇ ਹਾਂ,
ਸੋਚਦੇ ਹਾਂ ਕਾਹਨੂੰ ਅਸੀਂ ਜੰਮੇ ਸਾਂ ਜਹਾਨ ਵਿਚ।

ਤੁਸਾਂ ਨੂੰ ਵਾਰਨਿੰਗ ਦੇਂਦੇ ਪਏ ਹਾਂ ਅੱਜ ਅਸੀਂ,
ਰੋਡ ਹੈ ਕਲੋਜ਼ਡ ਫਾਰ ਰੀਪਿਅਰ ਹਿੰਦੁਸਤਾਨ ਵਿਚ।

ਰਹਿ ਜੇ ਨਹੀਂ ਸਕਦੇ ਹੋ ਜੰਮਣ ਦੇ ਬਗ਼ੈਰ ਤੁਸੀਂ,
ਜੰਮ ਪਵੋ ਖ਼ੁਸ਼ੀ ਨਾਲ ਰੂਸ ਤੇ ਜਾਪਾਨ ਵਿਚ।

ਅਸਾਂ ਤਾਂ ਜੰਮ ਕੇ ਤੇ ਖਟੀ ਕੋਈ ਖਟੀ ਨਹੀਂ,
ਤੁਸੀਂ ਕਾਹਨੂੰ ਆਂਵਦੇ ਹੋ ਦਸੋ ਨੁਕਸਾਨ ਵਿਚ।

ਜਿਹੜੇ ਅੱਗੇ ਜੰਮੇ ਹੈਨ ਉਨ੍ਹਾਂ ਦਾ ਹਾਲ ਤਕੋ,
ਮੂੰਹ ਉਤੇ ਲਾਲੀ ਨਾ ਜੁੱਸੇ ਵਿਚ ਰੱਤ ਹੈ।

ਬਾਹਰੋਂ ਨਕਟਾਈ ਕਾਲਰ ਜੇਬੇ ਵਿਚ ਮੂਲੀਆਂ ਨੇ,
ਨਾ ਕੋਈ ਆਦਰ ਤੇ ਨਾ ਕੋਈ ਪੱਤ ਹੈ।

ਖ਼ੁਰਕ ਖ਼ੁਰਕ ਪੈ ਗਏ ਧਫੜ ਸਾਡੇ ਪਿੰਡੇ ਉਤੇ,
ਡਾਲਡੇ ਨੇ ਮਾਰ ਦਿਤੀ ਸਾਰਿਆਂ ਦੀ ਮੱਤ ਹੈ।

ਹਵਾ ਜੇ ਫਕਣੀ ਏ ਆ ਕੇ ਤੇ ਫਕ ਜਾਵੋਂ।

ਨਹੀਂ ਤਾਂ ਤੁਸੀਂ ਸਮਝ ਰਾਮ ਨਾਮ ਸੱਤ ਹੈ।

ਆਟਾ ਜੇ ਲੈਸੋ ਤੁਸੀਂ ਅੱਧੀ ਵਿਚ ਮਿਟੀ ਹੋਸੀ,
ਦੁਧ ਵਿਚ ਵੇਖ ਲੈਣਾ ਅੱਧਾ ਸ਼ੁੱਧ ਪਾਨੀ ਹੈ।

ਤੁਸਾਂ ਨੇ ਵੀ ਛਾਨਣੀ ਹੈ ਆਣ ਕੇ ਛਾਣ ਦਿਓ,
ਅਸਾਂ ਤਾਂ ਆਣ ਕੇ ਤੇ ਚੰਗੀ ਮਿੱਟੀ ਛਾਣੀ ਹੈ।

ਇੱਥੇ ਸੁਜਾਖਿਆਂ ਦੀ ਹੁੰਦੀ ਕੋਈ ਗੱਲ ਨਹੀਂ,
ਕੋਈ ਇਥੇ ਅੰਨ੍ਹੀ ਅਤੇ ਕੋਈ ਇੱਥੇ ਕਾਣੀ ਹੈ।

ਸੌਂਦੇ ਨੇ ਵਿਰਲੇ ਕੋਈ ਪਲੰਘ ਨਿਵਾਰੀ ਉਤੇ,
ਬਾਕੀ ਤਾਂ ਸਾਰਿਆਂ ਲਈ ਮੰਜੀ ਇੱਥੇ ਵਾਹਣੀ ਹੈ।

ਮਕੜੀ ਦੇ ਵਾਂਗ ਜੇਕਰ ਤੁਸੀਂ ਇਥੇ ਆਂਵਦੇ ਰਹੇ।
ਤੁਸਾਂ ਦਾ ਵਾਜਾ ਅਸਾਂ ਬੰਦ ਹੀ ਕਰਾਣਾ ਹੈ।

ਐਸੀਆਂ ਦਵਾਈਆਂ ਇੰਨਜੈਕਸ਼ਨ ਅਸੀਂ ਕੱਢ ਦੇਸਾਂ,
ਤੁਸਾਂ ਆਵਣੇ ਦਾ ਫਸਤਾ ਹੀ ਮਕਾਣਾ ਹੈ।

ਤੁਸੀਂ ਉਥੇ ਹੋਰ ਇੰਤਜ਼ਾਰ ਕੁਝ ਕਰ ਲਵੋ,
ਜੇਕਰ ਜ਼ਰੂਰ ਤੁਸਾਂ ਆਵਣਾ ਹੀ ਆਵਣਾ ਹੈ।

ਕਿਹੜੀ ਗੱਲ ਸੋਚਕੇ ਆਂਵਦੇ ਹੋ ਤੁਸੀਂ ਇਥੇ,
ਨਾ ਇੱਥੇ ਪੀਣਾ ਅਤੇ ਨਾ ਇੱਥੇ ਖਾਣਾ ਹੈ।

ਐਰੇ ਗੈਰੇ ਨਥੂ ਅਤੇ ਖੈਰਿਆਂ ਦੀ ਲੋੜ ਨਹੀਂ,
ਆਵੇ ਇੱਥੇ ਉਹ ਜਿਹੜਾ ਬਿਗੜੀ ਬਣਾ ਦਏ।

ਆਵੇ ਕੋਈ ਸੂਰਮਾ ਜੋ ਗਾਂਧੀ ਅਤੇ ਨਹਿਰੂ ਵਾਂਗ,
ਆਪਣੇ ਇਸ ਵਤਨ ਉਤੋਂ ਜਿੰਦੜੀ ਘੁਮਾ ਦਏ।

ਦੂਈ ਤੇ ਦਵੈਤ ਸਾਡੇ ਦਿਲਾਂ ਵਿਚੋਂ ਕੱਢ ਕੇ ਤੇ,
ਹਿੰਦੂ ਸਿਖ ਮੁਸਲਿਮ ਨੂੰ ਜੱਫ਼ੀਆਂ ਪਵਾ ਦਏ।

ਸੁੱਕੇ ਹੋਏ ਖੇਤਾਂ ਵਿਚ ਉਜੜੇ ਹੋਏ ਬਾਗਾਂ ਵਿਚ,
ਪ੍ਰੇਮ ਤੇ ਪਿਆਰ ਵਾਲਾ ਚਸ਼ਮਾ ਵਗਾ ਦਏ।

ਹੁਣੇ ਹੁਣੇ ਭਾਰਤ ਸਾਡਾ ਹੋਇਆ ਅਜ਼ਾਦ ਭਾਈ,
ਜੁਟ ਪਏ ਨੇ ਨਿੱਕੇ ਵੱਡੇ ਇਸ ਦੀ ਉਸਾਰੀ ਵਿਚ।

ਲੱਗ ਰਹੇ ਨੇ ਵੈਲਵ ਅਤੇ ਨਹਿਰਾਂ ਅਸੀਂ ਕੱਢ ਰਹੇ ਹਾਂ,

ਹੋਂਦਾ ਹੈ ਕਮਾਲ ਪਿਆ ਹੁਣ ਦਸਤਕਾਰੀ ਵਿਚ।

ਪੰਜ ਸਾਲੇ ਕਈ ਹੁਣ ਬਣ ਰਹੇ ਪਲਾਨ ਇੱਥੇ,
ਲੱਗੀ ਸਰਕਾਰ ਸਾਡੀ ਖ਼ਿਦਮਤ ਗੁਜ਼ਾਰੀ ਵਿਚ।

ਭਾਰਤ ਨੂੰ ਉਠਣ ਦੇਵੋ ਤੁਸਾਂ ਨੂੰ ਬੁਲਾ ਲੈਸਾਂ,
ਕੁਝ ਦਿਨ ਹੋਰ 'ਈਸ਼ਰ' ਰਹੋ ਇੰਤਜ਼ਾਰੀ ਵਿਚ।

♣

# ਹਾਸਾ

ਦਲਿਦਰ ਨੂੰ ਪਲ ਵਿਚ ਉਡਾਂਦਾ ਹੈ ਹਾਸਾ।
ਪਰਦੇ ਵਿਚ ਗੁਰਬਤ ਛੁਪਾਂਦਾ ਹੈ ਹਾਸਾ।

ਨਸ਼ਾ ਪੂਰੀ ਬੋਤਲ ਦਾ ਚੜ੍ਹ ਜਾਂਦਾ ਹੈ ਮੈਨੂੰ।
ਜਿਦਨ ਮੇਰੀ ਲਾਡੋ ਨੂੰ ਆਂਵਦਾ ਹੈ ਹਾਸਾ।

ਪੱਥਰ ਵੀ ਗਲ ਜਾਂਦੇ ਨੇ ਪੇਟ ਅੰਦਰ।
ਜਿਦਨ ਪੇਟ ਵਿਚ ਦਰਦ ਪਾਂਦਾ ਹੈ ਹਾਸਾ।

ਅਜਬ ਫੁਲ ਬਣ ਜਾਂਦੇ ਨੇ ਖ਼ਸ਼ਬੂ ਵਾਲੇ।
ਜਦਨ ਕਲੀਆਂ ਤੇ ਮੁਸਕਰਾਂਦਾ ਹੈ ਹਾਸਾ।

ਮਕਰਧੁਜ ਐਨਾ ਲਹੂ ਨਹੀਂ ਵਧਾਂਦਾ।
ਰਗਾਂ ਵਿਚ ਜਿਨਾਂ ਲਹੂ ਵਧਾਂਦਾ ਹੈ ਹਾਸਾ।

ਫ਼ਿਕਰ ਦੁੱਖ ਹੁੰਦੇ ਨੇ ਨੌਂ ਦੋ ਗਿਆਰਾਂ।
ਜਿੱਥੇ ਪਿੜ ਅਪਨਾ ਬਣਾਂਦਾ ਹੈ ਹਾਸਾ।

ਉਏ ਮੁਰਦਿਓ ਜ਼ਰਾ ਹੱਸ ਕੇ ਤਾਂ ਵੇਖੋ।
ਮੋਈ ਜਾਨ ਵਿਚ ਜਾਨ ਪਾਂਦਾ ਹੈ ਹਾਸਾ।

ਸਿਆਪੇ ਵਿਚ ਬੈਠੇ ਜਿਹੜੇ ਮਾਂ ਪਿਓ ਮੋਏ।
ਉਹਨਾਂ ਤੋਂ ਬੜਾ ਖੌਫ਼ ਖਾਂਦਾ ਹੈ ਹਾਸਾ।

ਪਾਈ ਧੇਲਾ ਪੈਸਾ ਕੋਈ ਝੜਨਾ ਨਹੀਂ ਪੈਂਦਾ।
ਮੁਫ਼ਤ ਅਪਨੀ ਦੌਲਤ ਲੁਟਾਂਦਾ ਹੈ ਹਾਸਾ।

ਕੀ ਲੈਣਾ ਹੈ ਰਿੰਦੋ ਮੈਖਾਨੇ ਦੇ ਅੰਦਰ।
ਬਿਨਾਂ ਪੀਤੇ ਮਸਤੀ ਚੜ੍ਹਾਂਦਾ ਹੈ ਹਾਸਾ।

ਬੜਾ ਜ਼ੋਰ ਹੈ ਈਸ਼ਰ ਹਾਸੇ ਦੇ ਅੰਦਰ।
ਬਿਨਾਂ ਖੰਬ ਅਰਸ਼ੀਂ ਉਡਾਂਦਾ ਹੈ ਹਾਸਾ।

♣

# ਪਿਆ ਵਾਸਤਾ ਦੋਹਾਂ ਸਰਕਾਰਾਂ ਦੇ ਨਾਲ

ਐਡਾ ਭਾਰ ਗ੍ਰਹਿਸਤ ਦਾ ਪਿਆ ਸਿਰ ਤੇ,
ਸਿਰ ਗੰਜਾ ਹੋ ਗਿਆ ਹੈ ਭਾਰਾਂ ਦੇ ਨਾਲ।

ਪੁੱਤਰ ਜੰਮੇ ਯਾਂ ਪੁੱਤਰ ਦੀ ਝੰਡ ਲੱਥੇ,
ਦੇਣੀ ਪੈਂਦੀ ਵਧਾਈ ਹੈ ਤਾਰਾਂ ਦੇ ਨਾਲ।

ਵਹੁਟੀ ਉਹ ਲੱਭੀ ਮੁੜ੍ਹਕਾ ਮੁੜ੍ਹਕਾ ਹੋਵੇ,
ਗਲ ਪਾਏ ਹੋਏ ਫੁੱਲਾਂ ਦੇ ਹਾਰਾਂ ਦੇ ਨਾਲ।

ਛੱਡੋ ਸ਼ਾਦੀ ਹੈ ਕਰਨੀ ਕੁੜਮਾਈ ਮੁਸ਼ਕਿਲ,
ਅੱਜ ਤਿੰਨ੍ਹਾਂ ਤੇ ਚਵ੍ਹਾਂ ਹਜ਼ਾਰਾਂ ਦੇ ਨਾਲ।

ਇਕ ਵਹੁਟੀ ਤੇ ਦੂਜੀ ਸਰਕਾਰ ਸਾਡੀ,
ਪਿਆ ਵਾਸਤਾ ਦੋਹਾਂ ਸਰਕਾਰਾਂ ਦੇ ਨਾਲ।

ਪੱਲੇ ਧੇਲਾ ਨਹੀਂ ਸੰਖੀਆ ਖਾਣ ਜੋਗਾ,
ਸਿਨਮਾ ਜਾਣਾ ਹੀ ਪੈਂਦਾ ਹੈ ਯਾਰਾਂ ਦੇ ਨਾਲ।

ਕੌਣ ਮੰਦਰ ਵਿਚ ਟਲ ਖੜਕਾਏ ਜਾ ਕੇ,
ਦਿਨ ਕਟਦੇ ਹਾਂ ਬਹਿ ਕੇ ਮੈਖ਼ਾਰਾਂ ਦੇ ਨਾਲ।

ਹਿੰਦੂ ਸਿੱਖ ਵਿਚ ਨਹੀਂ ਸੀ ਫ਼ਰਕ ਕੋਈ,
ਅਸੀਂ ਰਹਿੰਦੇ ਸਾਂ ਦੋਵੇਂ ਪਿਆਰਾਂ ਦੇ ਨਾਲ।

ਅਸਾਂ ਦੋਹਾਂ ਦੀ ਫਟਕੜੀ ਫੁਲ ਹੋ ਗਈ,
ਮਾਰੇ ਗਏ ਹਾਂ ਇਨ੍ਹਾਂ ਅਖ਼ਬਾਰਾਂ ਦੇ ਨਾਲ।

ਬੰਦ ਹੋਣ ਜੇ ਫਿਰਕੂ ਅਖ਼ਬਾਰ ਇੱਥੇ,
ਵਸ ਪਵਾਂਗੇ ਫਿਰ ਬਹਾਰਾਂ ਦੇ ਨਾਲ।

ਜਦ ਜਵਾਨ ਸਾਂ ਮੁੱਛਾਂ ਨੂੰ ਵੱਟ ਦੇ ਕੇ,
ਜੱਫੇ ਪਾਂਦੇ ਸਾਂ ਭੱਖਦੇ ਅੰਗਾਰਾਂ ਦੇ ਨਾਲ।

ਹੁਣ ਬੁੱਢੇ ਹਾਂ ਹਜ਼ਮ ਨਹੀਂ ਕੁਝ ਹੋਂਦਾ,
ਦਲ ਪਰਚਾਂਦੇ ਹਾਂ ਭੁਸੇ ਡਕਾਰਾਂ ਦੇ ਨਾਲ।

♣

# ਨਾ ਕਰ

ਐ ਖੁਦਗਰਜ਼! ਤੂੰ ਆਪਣੀ ਗਰਜ਼ ਖ਼ਾਤਰ,
ਸਾਰੀ ਕੌਮ ਦਾ ਬੇੜਾ ਤਬਾਹ ਨਾ ਕਰ।

ਓਏ ਭੁਖਿਆ ਰੋਟੀ ਜੇ ਮਿਲੀ ਤੈਨੂੰ,
ਉਸ ਰੋਟੀ ਦਾ ਇਕੋ ਗਰਾਹ ਨਾ ਕਰ।

ਮਿਲਦੀ ਨਹੀਉਂ ਸੁਚੱਜੀ ਤੇ ਸੋਹਣੀ ਵਹੁਟੀ,
ਤੂੰ ਕੰਵਾਰਾ ਈ ਰਹੋ ਫਿਰ ਵਿਆਹ ਨਾ ਕਰ।

ਚਿੱਟੀ ਕਾਲੀ ਵਹੁਟੀ ਜੇਕਰ ਮਿਲ ਗਈ ਆ,
ਕਿਸੇ ਪਰੀ ਤੇ ਵੀ ਫਿਰ ਨਿਗਾਹ ਨਾ ਕਰ।

ਬੂਰੀ ਮੱਝ ਜੇ ਬੱਧੀ ਆ ਕਿੱਲੇ ਉਤੇ,
ਘਿਓ ਡਾਲਡੇ ਦਾ ਫਿਰ ਕੜਾਹ ਨਾ ਕਰ।

ਦਾਨ ਕਰਨਾ ਈ ਕਰ ਸ਼ੜੱਪ ਕਰਕੇ,
ਲਲੂ ਪੰਜੂ ਦੇ ਨਾਲ ਸਲਾਹ ਨਾ ਕਰ।

ਜੇਕਰ ਸੱਚ ਦੀ ਰਤੀ ਹੈ ਕੋਲ ਤੇਰੇ,
ਟੁੰਡੇ ਲਾਟ ਦੀ ਫਿਰ ਪਰਵਾਹ ਨਾ ਕਰ।

ਇਕ ਗੁਨਾਹ ਉਤੇ ਪਰਦਾ ਪੈ ਗਿਆ ਈ,
ਤੂੰ ਗੁਨਾਹ ਉਤੇ ਫਿਰ ਗੁਨਾਹ ਨਾ ਕਰ।

ਕਿਸੇ ਲੀਚੜ ਕੋਲੋਂ ਛਿਲ ਲਵ੍ਹਾ ਲਈ ਆ,
ਉਸ ਲੀਚੜ ਉੱਤੇ ਫਿਰ ਵਸਾਹ ਨਾ ਕਰ।

ਇੱਥੇ ਮਿਲਨ ਪਕੌੜੀਆਂ ਪਾ ਢਿੱਡ ਵਿਚ,
ਅਗਲੇ ਸੁਰਗ ਵਿਚ ਰਬੜੀ ਦੀ ਚਾਹ ਨਾ ਕਰ।

ਜੇ ਤੂੰ ਕਿਸੇ ਨੂੰ ਰਾਹ ਨਹੀਂ ਦੱਸਣ ਜੋਗਾ,
ਰਾਹ ਤੋਂ ਭੁਲਿਆਂ ਨੂੰ ਫਿਰ ਗੁਮਰਾਹ ਨਾ ਕਰ।

ਜੀਵਨ ਵਿਚ ਸਚਾਈ ਦਾ ਰਾਹ ਛੱਡ ਕੇ,
'ਈਸ਼ਰ' ਖੋਟਾ ਤੂੰ ਆਪਣਾ ਰਾਹ ਨਾ ਕਰ।

♣

# ਲੱਖ ਬਟੇਰਿਆਂ ਤੋਂ ਇਕ ਬਾਜ਼ ਚੰਗਾ

ਜੰਮਣ ਵਾਲ ਇਕ ਬੱਚੇ ਨੂੰ ਕਿਹਾ ਮੈਂ ਕਲ੍ਹ,
ਪੁੱਤਰ ਨਾ ਜੰਮ ਕੇ ਖਵਾਰ ਹੋਸੇਂ।

ਅਸੀਂ ਜੰਮ ਕੇ ਕਿਸਮਤ ਨੂੰ ਰੋ ਰਹੇ ਹਾਂ,
ਤੂੰ ਵੀ ਜੰਮ ਕੇ ਤੇ ਅਵਾਜ਼ਾਰ ਹੋਸੇਂ।

ਜੰਮਣ ਲੱਗਾ ਏਂ ਘਰ ਗਰੀਬਾਂ ਦੇ ਤੂੰ,
ਜੰਮਣ ਸਾਰ ਪੁਤਰ ਤੂੰ ਬੇਜ਼ਾਰ ਹੋਸੇਂ।

ਮੇਰ ਮੰਨ ਤੇ ਪਰਤ ਜਾ ਚੁੱਪ ਕਰਕੇ,
ਐਵੇਂ ਮੁਲਕ ਉਤੇ ਵਾਧੂ ਭਾਰ ਹੋਸੇਂ।

ਇੱਥੇ ਖੀਰ ਕੜਾਹ ਦੀ ਆਸ ਨਾ ਰੱਖ,
ਭੁੱਜੇ ਹੋਏ ਛੋਲੇ ਖਾਣੇ ਪੈਣਗੇ ਨੀ।

ਇਕ ਚਪੜਾਸੀ ਦੀ ਨੌਕਰੀ ਲੈਣ ਖ਼ਾਤਰ,
ਛਿੱਤਰ ਚਾਰ ਘਸਾਂਵਣੇ ਪੈਣਗੇ ਨੀ।

ਨਾ ਤੂੰ ਮਾਤਾ ਦਾ ਨੂਰ ਵੰਞਾ ਪੁੱਤਰ,
ਤੇਰਾ ਜੰਮ ਕੇ ਤੇ ਬੁਰਾ ਹਾਲ ਹੋਸੀ।

ਅੱਡੀ ਚੋਟੀ ਦਾ ਲਾਵੇਂਗਾ ਜੋਰ ਫਿਰ ਵੀ,
ਤੇਰੇ ਜੇਬੇ ਵਿਚ ਠਣ-ਠਣ ਗੋਪਾਲ ਹੋਸੀ।

ਦੁਧ ਪੀਣ ਨੂੰ ਅੱਧਾ ਸੁੱਧ ਪਾਣੀ ਹੋਸੀ,
ਤੇਰੇ ਖਾਣ ਨੂੰ ਮਸਰਾਂ ਦੀ ਦਾਲ ਹੋਸੀ।

ਕਦਮ ਕਦਮ ਉਤੇ ਠੇਡੇ ਖਾਵੇਂਗਾ ਤੂੰ,
ਤੇਰਾ ਜੀਵਨ ਇਕ ਨਿਰਾ ਫੁਟਬਾਲ ਹੋਸੀ।

ਇਸ ਗ੍ਰਿਹਸਤ ਦੀ ਮਹਿੰਗੀ ਜਿਹੀ ਮੰਡੀ ਦੇ ਵਿਚ,
ਤੇਰਾ ਇਕ ਕੌਡੀ ਪੁੱਤਰ ਮੁੱਲ ਹੋਸੀ।

ਇਕ ਧੀ ਜੇ ਜੰਮ ਪਈ ਘਰ ਤੇਰੇ,
ਤੇਰੀ ਪਲਾਂ ਵਿਚ ਫਟਕੜੀ ਫੂਲ ਹੋਸੀ।

ਚੱਪੇ ਚੱਪੇ ਉਤੇ ਯਾਰ ਮਾਰ ਹੋਸਨ,
ਤੇਰਾ ਕੋਈ ਵੀ ਨਾ ਜਿਗਰੀ ਮਿੱਤਰ ਹੋਸੀ।

ਮੱਥੇ ’ਤੇ ਤਿਲਕ ਤੇ ਬਗਲ ਵਿਚ ਛੁਰੀ ਹੋਸੀ,
ਅੰਦਰੋਂ ਗੰਧ ਅਤੇ ਬਾਹਰ ਨੂੰ ਇੱਤਰ ਹੋਸੀ।

ਕਦੀ ਮੁੰਨੀ ਦੀ ਫ਼ਟੀ ਸਲਵਾਰ ਹੋਸੀ,
ਕਦੀ ਪੁੱਤਰ ਦਾ ਫਟਿਆ ਛਿਤਰ ਹੋਸੀ।

ਜੇ ਮਹਿਮਾਨ ਕੋਈ ਆਵੇਗਾ ਘਰ ਤੇਰੇ,
ਤੇਰਾ ਭੱਠਾ ਬਿਠਾ ਕੇ ਤਿੱਤਰ ਹੋਸੀ।

ਤੈਨੂੰ ਪੁੱਤਰ ਜੀ ਵਾਰਨਿੰਗ ਦੇ ਰਿਹਾ ਹਾਂ,
ਤੇਰੀ ਕਿਸਮਤ ਦੇ ਵਿਚ ਭੁੱਖ ਨੰਗ ਹੋਸੀ।

ਜਿਵੇਂ ਸ਼ਾਇਰਾਂ ਦਾ ਕਾਫੀਆ ਤੰਗ ਹੋਂਦੇ,
ਇਉਂ ਤੇਰਾ ਕਾਫੀਆ ਤੰਗ ਹੋਸੀ।

ਮੇਰੀ ਮੰਨ ਤੇ ਜੰਮਣ ਦਾ ਨਾਂ ਨਾ ਲੈ,
ਸਾਥੋਂ ਪੁਛ ਸਾਡਾ ਹਿਸਾਬ ਹੋਂਦੈ।

ਘਰ ਜਾਈਏ ਤਾਂ ਵਹੁਟੀ ਦੇ ਰੋਹਬ ਅੱਗੇ,
ਨਾ ਸਵਾਲ ਹੋਂਦੈ ਨਾ ਜਵਾਬ ਹੋਂਦੈ।

ਬੇ-ਵਫਾਈ ਜ਼ਮਾਨੇ ਦੀ ਵੇਖ ਕੇ ’ਤੇ,
ਸਾਡਾ ਜਿਗਰ ਸੀਨਾ ਪਿਆ ਕਬਾਬ ਹੋਂਦੈ।

ਘਰ ਪੁੱਤਰਾਂ ਦੀ ਪਲਟਨ ਖੜੀ ਹੋਈ ਹੈ,
ਪੱਲੇ ਪੈਸਾ ਨਹੀਂ ਤਕ ਕੇ ਅਜ਼ਾਬ ਹੋਂਦੈ।

ਸਾਡੀ ਗਿਣਤੀ ਤਾਂ ਚਾਲੀ ਕਰੋੜ ਹੋ ਗਈ,
ਜਿਦਨ ਆਪਣੀ ਗਿਣਤੀ ਘਟਾ ਲੈਸਾਂ।

ਹੁਣ ਪਰਤ ਜਾ ਦੁੰਮ ਦਬਾ ਕੇ ਤੇ,
ਲੋੜ ਪਈ ਤਾਂ ਤੈਨੂੰ ਬੁਲਾ ਲੈਸਾਂ।

ਬੱਚੇ ਕਿਹਾ ਬਰੇਕ ਨਾ ਲਾ ਭਾਈਆ,
ਜਿਨ੍ਹਾਂ ਕੰਮ ਕਰਨੈਂ ਉਹ ਕਰਨਗੇ ਨੀ।

ਇਸ ਵੱਡੇ ਜਿਹੇ ਸਾਗਰ ਸੰਸਾਰ ਅੰਦਰ,
ਕਈ ਡੁੱਬਣਗੇ ਤੇ ਕਈ ਤਰਨਗੇ ਨੀ।

ਕੌਣ ਵਗਦੇ ਦਰਿਆਵਾਂ ਨੂੰ ਰੋਕ ਸਕਦੈ,
ਬੱਚੇ ਜੰਮਣਗੇ ਨੀ ਬੁੱਢੇ ਮਰਨਗੇ ਨੀ।

ਮੇਰੇ ਜੰਮਣ ਵਿਚ ਤੈਨੂੰ ਤਕਲੀਫ਼ ਕੀ ਹੈ,
ਜਿਨ੍ਹਾਂ ਪੈਰ ਧਰਨੈ ਉਹ ਧਰਨਗੇ ਨੀ।

ਮੈਨੂੰ ਪਤਾ ਹੈ ਦੁਨੀਆਂ ਫਰੇਬ ਦੀ ਹੈ,
ਕੋਈ ਨਹੀਂ ਪੁੱਛਦਾ ਜੂਜ ਮਜੂਜਿਆਂ ਨੂੰ।

ਧੱਕੇ ਖਾ ਜੋ ਗੱਡੀ ਵਿਚ ਚੜ੍ਹ ਜਾਂਦੈ,
ਉਹ ਨਹੀਂ ਚੜ੍ਹਨ ਦੇਂਦਾ ਫਿਰ ਦੂਜਿਆਂ ਨੂੰ।

ਮੈਂ ਕਿਹਾ ਜੇ ਕਰ ਤੂੰ ਜ਼ਰੂਰ ਜੰਮਣੈਂ,
ਫਿਰ ਸੂਰਮਾ ਭਗਤ ਜਾਂ ਦਾਨੀ ਕੋਈ ਜੰਮ।

ਜੇ ਤੂੰ ਕੁੜੀ ਏਂ ਬਕਰੀ ਤੇ ਲੇਲੀ ਨਾ ਜੰਮ,
ਜੇ ਤੂੰ ਜੰਮਣੈ ਝਾਂਸੀ ਦੀ ਰਾਣੀ ਕੋਈ ਜੰਮ।

ਜੇ ਤੂੰ ਮੁੰਡਾ ਏਂ ਤਿਲਕ ਸੁਭਾਸ਼ ਕੋਈ ਜੰਮ,
ਭਗਤ ਸਿੰਘ ਸ਼ਹੀਦ ਦਾ ਸਾਨੀ ਕੋਈ ਜੰਮ।

ਹਿੰਦੂ, ਸਿੱਖ ਮੁਸਲਿਮ ਨਾ ਤੂੰ ਜੰਮੀ ਪੁੱਤਰ,
ਜੇ ਤੂੰ ਜੰਮਣੈ ਫਿਰ ਹਿੰਦੁਸਤਾਨੀ ਕੋਈ ਜੰਮ।

ਗਰਦਨ ਹੋਵੇ ਜਿਸਦੀ ਸ਼ਤਰ ਮੁਰਗ ਵਾਂਗਣ,
ਰਾਣੀ ਖਾਂ ਦੇ ਸਾਲੇ ਦੀ ਲੋੜ ਕੋਈ ਨਹੀਂ।

ਕਿਸੇ ਵਤਨ ਪਰੱਸਤ ਦੀ ਲੋੜ ਹੈ ਅੱਜ,
ਲਲੂ, ਪੰਜੂ ਨਿਹਾਲੇ ਦੀ ਲੋੜ ਕੋਈ ਨਹੀਂ।

ਬੱਚੇ ਕਿਹਾ ਮੈਂ ਭਾਈਆ ਪ੍ਰਣ ਕਰਨਾਂ,
ਮੈਂ ਵਤਨ ਤੋਂ ਜਿੰਦ ਕੁਰਬਾਨ ਕਰਸਾਂ।

ਨਹਿਰੂ ਵਾਂਗ ਮੈਂ ਪਬਲਿਕ ਦੀ ਸੇਵਾ ਕਰਕੇ,
ਉੱਚੀ ਆਪਣੇ ਵਤਨ ਦੀ ਸ਼ਾਨ ਕਰਸਾਂ।

ਪੈਸਾ ਹੋਇਆ ਤਾਂ ਰਾਜ ਕੇ ਦਾਨ ਕਰਸਾਂ,
ਜੋ ਕਰਸਾਂ ਉਹ ਪੂਰੀ ਜ਼ਬਾਨ ਕਰਸਾਂ।

ਮੇਰਾ ਫ਼ਰਜ਼ ਹੈ ਵਤਨ ਦੀ ਖ਼ਿਦਮਤ ਕਰਨੀ,
ਨਾ ਮੈਂ ਕਿਸੇ ਉੱਤੇ ਅਹਿਸਾਨ ਕਰਸਾਂ।

ਜੇਕਰ ਸ਼ਕ ਹੀ ਅਸ਼ਟਾਮ ਲਿਖਾ ਲੈ ਤੂੰ,
ਮੈਂ ਮਾਤਾ ਦਾ ਨੂਰ ਵੰਝਾਂਵਾਂਗਾ ਨਹੀਂ।

ਅੰਨ ਖਾ ਕੇ ਆਪਣੇ ਵਤਨ ਦਾ ਮੈਂ,
ਗੀਤ ਚੀਨ ਤੇ ਰੂਸ ਦੇ ਗਾਵਾਂਗਾ ਨਹੀਂ।

ਮੈਂ ਕਿਹਾ ਫਿਰ ਜੰਮ ਹੁਣ ਦੇਰ ਨਾ ਕਰ,
ਤੇਰੇ ਜਿਹੇ ਜਵਾਨਾਂ ਦੀ ਲੋੜ ਹੈ ਅੱਜ।

ਜਿਹੜੇ ਭਾਰਤ ਨੂੰ ਚੋਟੀ ਤੇ ਲੈ ਜਾਵਣ,
ਇਹੋ ਜਿਹੇ ਵਿਦਵਾਨਾਂ ਦੀ ਲੋੜ ਹੈ ਅੱਜ।

ਲਹੂ ਜੰਮਿਆ ਜਿਹੜੇ ਗਰਮਾ ਦੇਵਣ,
ਇਹੋ ਜਿਹੇ ਸੁਖਨ ਦਾਨਾਂ ਦੀ ਲੋੜ ਹੈ ਅੱਜ।

ਕਿਸੇ ਫਿਰਕੇ ਪਰੱਸਤ ਦੀ ਲੋੜ ਕੋਈ ਨਹੀਂ,
ਸਾਨੂੰ ਖਾਲਸ ਇਨਸਾਨਾਂ ਦੀ ਲੋੜ ਹੈ ਅੱਜ।

'ਈਸ਼ਰ' ਸੈਂਕੜੇ ਅੰਨੀਆਂ ਤੇ ਕਾਣੀਆਂ ਤੋਂ,
ਇਕ ਮਸ਼ੂਕ ਦਾ ਨਖ਼ਰਾ ਅਤੇ ਨਾਜ਼ ਚੰਗਾ।

ਲੱਖਾਂ ਗਿੱਦੜਾਂ ਤੋਂ ਇਕੋ ਸ਼ੇਰ ਚੰਗਾ,
ਲੱਖ ਬਟੇਰਿਆਂ ਤੋਂ ਇਕੋ ਬਾਜ਼ ਚੰਗਾ।

♣

# ਤੈਨੂੰ ਪੁੱਛਣ ਵਾਲਾ ਕੋਈ ਨਹੀਂ, ਤੂੰ ਅੱਖਾਂ ਬੰਨ੍ਹ ਕੇ ਲੁਟੀ ਜਾ

ਕੋਈ ਨਰਕ ਨਹੀਂ ਸਵਰਗ ਨਹੀਂ, ਕੋਈ ਪੁੰਨ ਨਹੀਂ ਕੋਈ ਪਾਪ ਨਹੀਂ।
ਤੂੰ ਗੰਢ ਕਿਸੇ ਦੀ ਕੱਪ ਲਈ, ਤੈਨੂੰ ਚੜ੍ਹਨਾ ਤੀਏ ਦਾ ਤਾਪ ਨਹੀਂ।

ਕਿਸੇ ਸਾਧ ਦੀ ਛਿਲ ਤੂੰ ਲਾਹ ਲਈ, ਤੈਨੂੰ ਮਿਲਣਾ ਕੋਈ ਸਰਾਪ ਨਹੀਂ।
ਅਖਲਾਕ ਦਾ ਕੋਈ ਪੈਮਾਨਾ ਨਹੀਂ, ਸੱਚ ਝੂਠ ਦਾ ਕੋਈ ਨਾਪ ਨਹੀਂ।

ਕੋਈ ਤੇਰੇ ਅੱਡੇ ਚੜ੍ਹ ਜਾਵੇ, ਤੂੰ ਉਸਦੀ ਸੰਘੀ ਘੁੱਟੀ ਜਾ।
ਤੈਨੂੰ ਪੁੱਛਣ ਵਾਲਾ ਕੋਈ ਨਹੀਂ, ਤੂੰ ਅੱਖਾਂ ਬੰਨ੍ਹ ਕੇ ਲੁੱਟੀ ਜਾ।

ਤਕ ਚੋਰ ਯਾਰ ਜਵਾਰੀਏ, ਮੁੱਛਾਂ ਅਕੜਾਈ ਫਿਰਦੇ ਨੇ।
ਜੋ ਦਸ ਨੰਬਰ ਦੇ ਲੁੱਚੇ ਨੇ, ਉਹ ਬਣ ਜਵਾਈ ਫਿਰਦੇ ਨੇ।

ਜਿਨ੍ਹਾਂ ਘਿਲ ਚੜ੍ਹੀ ਹੈ ਪੈਸੇ ਦੀ, ਉਹ ਢਿੱਡ ਵਧਾਈ ਫਿਰਦੇ ਨੇ।
ਜੋ ਲੋਲੋ ਲਿੱਸੇ ਢੱਘੇ ਨੇ, ਉਹ ਨੀਵੀਂ ਪਾਈ ਫਿਰਦੇ ਨੇ।

ਜੋ ਲਾਂਦੇ ਜੜ੍ਹ ਗਰੀਬਾਂ ਦੀ, ਤੂੰ ਜੜ੍ਹ ਉਨ੍ਹਾਂ ਦੀ ਪੁੱਟੀ ਜਾ,
ਤੈਨੂੰ ਪੁੱਛਣ ਵਾਲਾ ਕੋਈ ਨਹੀਂ, ਤੂੰ ਅੱਖਾਂ ਬੰਨ੍ਹ ਕੇ ਲੁੱਟੀ ਜਾ।

ਤੂੰ ਤੇਲ ਤਿਲਾਂ ’ਚੋਂ ਕੱਢਣਾ ਹੈ, ਆਟੇ ਵਿਚ ਮਿੱਟੀ ਪਾਂਦਾ ਜਾ।
ਤੂੰ ਕੋਠੀ ਕੋਈ ਬਣਨ ਲਈ, ਰਜ ਰਜ ਕੇ ਵੱਢੀ ਖਾਂਦਾ ਜਾ।

ਦੁੱਖ ਗ਼ਮ ਨਾ ਨੇੜੇ ਢੁੱਕਣ ਦਿਹ, ਵਿਸਕੀ ਦੇ ਜਾਮ ਚੜ੍ਹਾਂਦਾ ਜਾ।
ਜੋ ਫਸ ਜਾਏ ਤੇਰੇ ਪੰਜੇ ਵਿਚ, ਤੂੰ ਭੱਠਾ ਉਹਦਾ ਬਠਾਂਦਾ ਜਾ।

ਤੂੰ ਪੇਸਟਰੀਆ ਰਸ ਗੁਲੇ ਸੰਘ ਵਿਚ, ਚੁੱਪ ਚੁਪੀਤੇ ਸੁੱਟੀ ਜਾ।
ਤੈਨੂੰ ਪੁੱਛਣ ਵਾਲਾ ਕੋਈ ਨਹੀਂ, ਤੂੰ ਅੱਖਾਂ ਬੰਨ੍ਹ ਕੇ ਲੁੱਟੀ ਜਾ।

ਜਿਸ ਹੱਥ ਦੇ ਵਿਚ ਹੈ ਡੋਰ ਫੜੀ, ਉਹ ਗੁੱਡੀ ਉਡਾਈ ਜਾਂਦਾ ਹੈ।
ਜੋ ਮਗਰ ਮੱਛ ਹੈ ਸਾਗਰ ਵਿਚ, ਉਹ ਪੂੰਗ ਉਡਾਈ ਜਾਂਦਾ ਹੈ।

ਜਿਸ ਐਟਮ ਫੜਿਆ ਹੱਥਾਂ ਵਿਚ, ਉਹ ਬੰਬ ਵਰਸਾਈ ਜਾਂਦਾ ਹੈ।
ਕੋਈ ਬਜਾਂਦੈ ਤੂਤਨੀਆਂ, ਕੋਈ ਬਿਗਲ ਬਜਾਈ ਜਾਂਦਾ ਹੈ।

ਜਿਸ ਕੰਮ ਦੇ ਵਿਚ ਤੂੰ ਜੁਟਿਆ ਏਂ, ਤੂੰ ਉਸੇ ਕੰਮ ਵਿਚ ਜੁਟੀ ਜਾ।
ਤੈਨੂੰ ਪੁੱਛਣ ਵਾਲਾ ਕੋਈ ਨਹੀਂ, ਤੂੰ ਅੱਖਾਂ ਬੰਨ੍ਹ ਕੇ ਲੁੱਟੀ ਜਾ।

ਤੂੰ ਸੌਂ ਪਲੰਗ ਨਵਾਰੀ ਤੇ, ਲੋਕਾਂ ਲਈ ਮੰਜੇ ਵਾਹਣੇ ਨੇ।
ਕੋਈ ਭੁੱਖਾ ਹੈ ਤਾਂ ਤੈਨੂੰ ਕੀ, ਤੇਰੀ ਮੇਜ਼ ਤੇ ਛੱਤੀ ਖਾਣੇ ਨੇ।

ਤੈਨੂੰ ਫਿਕਰ ਨਹੀਂ ਆਟੇ ਮਹਿੰਗੇ ਦਾ, ਤੇਰੀ ਕੋਠੀ ਚੋਖੇ ਦਾਣੇ ਨੇ।
ਕੋਈ ਰੋਂਦਾ ਹੈ ਤਾਂ ਰੋਏ ਪਿਆ, ਤੇਰੀ ਖ਼ਾਤਿਰ ਫਿਲਮੀ ਗਾਣੇ ਨੇ।

ਤੈਨੂੰ ਪਰਮਿਟ ਕੋਟੇ ਮਿਲ ਰਹੇ, ਦੋ ਹੱਥੀਂ ਫੜ ਕੇ ਲੁੱਟੀ ਜਾ।
ਤੈਨੂੰ ਪੁੱਛਣ ਵਾਲਾ ਕੋਈ ਨਹੀਂ, ਤੂੰ ਅੱਖਾਂ ਬੰਨ੍ਹ ਕੇ ਲੁੱਟੀ ਜਾ।

♣

# ਸਿਖ

ਰੋਂਦਾ ਰਹੁ ਨਾ ਮਾਂ ਪਿਉ ਮੋਏ ਵਾਂਗਣ,
ਕਦੀ ਹਸਣਾ ਤੇ ਕਦੀ ਹਸਾਉਣਾ ਵੀ ਸਿਖ।

ਜੇ ਹੈ ਗਿੱਠ ਪੂਰੀ ਲੰਮੀ ਮੁੱਛ ਤੇਰੀ,
ਇਸ ਮੁਛ ਨੂੰ ਕਦੀ ਅਕੜਾਣਾ ਵੀ ਸਿਖ।

ਇਸ਼ਕ ਲਾ ਨਾ ਕਿਸੇ ਦੇ ਨਾਲ ਭੁਲ ਕੇ,
ਜੇਕਰ ਲਾਇਆ ਹੀ ਤੋੜ ਨਿਭਾਉਣਾ ਵੀ ਸਿਖ।

ਹਰ ਕਿਸੇ ਦੇ ਕੋਲੋਂ ਨਾ ਯਰਕਿਆ ਕਰ,
ਕਦੀ ਕਿਸੇ ਨੂੰ ਸ਼ੇਰਾ ਯਰਕਾਣਾ ਵੀ ਸਿਖ।

ਜੇ ਤੂੰ ਸ਼ੇਰ ਏਂ ਸਰਕਸ ਦਾ ਸ਼ੇਰ ਨਾ ਬਣ,
ਗ਼ੈਰਤ ਵੇਖ ਜਾਂਦੀ ਮਰ ਜਾਣਾ ਵੀ ਸਿਖ।

ਓਏ ਪ੍ਰਵਾਨਿਆਂ ਸੜਨਾ ਤਾਂ ਔਖਾ ਕੋਈ ਨਹੀਂ,
ਸੜ ਸੜ ਬ੍ਰਿਹੋਂ ਵਿਚ ਪਿੰਜਰ ਸੁਕਾਣਾ ਵੀ ਸਿਖ।

ਨਿਰੇ ਫਟਾਂ ਉਤੇ ਫਟ ਲਾਈ ਨਾ ਜਾ,
ਕਦੀ ਫੱਟਾਂ ਉਤੇ ਫਿਹਾ ਲਾਣਾ ਵੀ ਸਿਖ।

ਜੇ ਇਕ ਨਾਜ਼ਕ ਜਿਹੀ ਕਲੀ ਏਂ ਬਾਗ ਦੀ ਤੂੰ,
ਮੂੰਹ ਤੋਂ ਘੁੰਡ ਲਾਹ ਕੇ ਮੁਸਕਰਾਣਾ ਵੀ ਸਿਖ।

ਜੇ ਕਰ ਰਬ ਦਿਤੀ ਨਾਜ਼ਕ ਕਮਰ ਤੈਨੂੰ,
ਕੁਝ ਨਾਜ਼ ਤੇ ਨਖ਼ਰਾ ਵਿਖਾਣਾ ਵੀ ਸਿਖ।

ਤੜਪ ਤੜਪ ਕੇ ਮੋਇਆ ਜੋ ਤੇਰੀ ਖਾਤਰ,
ਉਹਦੀ ਤੁਰਬਤ ਤੇ ਦੀਵਾ ਜਲਾਣਾ ਵੀ ਸਿਖ।

ਭਲੇ ਮਾਣਸੀ ਦੇ ਸਿਰ ਤੇ ਸੌ ਛਿੱਤਰ,
ਘਟਾ ਕਿਸੇ ਦੀ ਅੱਖ ਵਿਚ ਪਾਣਾ ਵੀ ਸਿਖ।

ਜੇ ਤੂੰ ਸਿੱਖ ਏਂ ਮੇਰੇ ਦਸਮੇਸ਼ ਜੀ ਦਾ,
'ਈਸ਼ਰ' ਤਲੀ 'ਤੇ ਸੀਸ ਟਿਕਾਣਾ ਵੀ ਸਿਖ।

♣